# ਅੰਮ੍ਰਿਤ ਕੀਰਤਨ

ਅੰਕ 1 ਸਾਲ ਪੰਜਵਾਂ ਜਨਵਰੀ 1993



ਆਨਰੇਰੀ ਸੰਪਾਦਕ ਡਾ: ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 1 ਸਾਲ ਪੰਜਵਾਂ ਜਨਵਰੀ 1993

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਕੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

ਵਿਸ਼ਾ ਪੰਨਾ

1. ਸ਼ਰਧਾਂਜਲੀ ਵਜੋਂ
ਸੰਪਾਦਕੀ ਡਾ: ਜਾਗੀਰ ਸਿੰਘ 2

2. ਸੰਗੀਤਾਚਾਰਯਾ
ਗਿਆਨੀ ਹਰਦਿੱਤ ਸਿੰਘ ਜੀ
ਗਿਆਨੀ ਆਵਤ ਸਿੰਘ 3

3. ਸਵਯੇ ਪਾਤਸ਼ਾਹੀ ੧੦
ਗਿਆਨੀ ਲਾਲ ਸਿੰਘ 14

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਸ਼ਰਧਾਂਜਲੀ ਵਜੋਂ

ਗੁਰਬਾਣੀ ਕੀਰਤਨ ਦੇ ਪ੍ਰਚਾਰ ਦੀ ਜਿਤਨੀ ਹੁਣ ਲੋੜ ਹੈ ਉਤਨੀ ਸ਼ਾਇਦ ਪਹਿਲਾਂ ਨਹੀਂ ਰਹੀ ! ਭਾਰਤ ਵਿੱਚ ਧਰਮ-ਸੁਧਾਰ ਦੀਆਂ ਲਹਿਰਾਂ ਕਿਸੇ ਨਾ ਕਿਸੇ ਪ੍ਰਤੀਕਰਮ ਵਜੋਂ ਹੀ ਸ਼ੁਰੂ ਹੁੰਦੀਆਂ ਰਹੀਆਂ ਹਨ। ਇਸਾਈ ਮਤ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਆਰੀਆ ਸਮਾਜ ਲਹਿਰ ਅਤੇ ਸਿੰਘ ਸਭਾ ਲਹਿਰਾਂ ਚੱਲੀਆਂ। ਅੱਜ ਵੀ ਵਿਗਿਆਨ ਦੀ ਗਲਤ ਵਰਤੋਂ ਕਰਨ ਕਾਰਣ ਕੀਰਤਨ ਦਾ ਜੋ ਵਿਗੜਿਆ ਰੂਪ ਪ੍ਰਚਲਤ ਹੋ ਗਿਆ ਉਸ ਨੂੰ ਸੁਧਾਰਨ ਦੀ ਅਤਿਅੰਤ ਲੋੜ ਹੈ। ਸਵੇਰੇ ਸ਼ਾਮ ਗੁਰਦੁਆਰਾ ਸਾਹਿਬਾਨ ਦੇ ਲਾਊਡ ਸਪੀਕਰਾਂ ਵਿਚੋਂ ਆਉਣ ਵਾਲੀਆਂ ਅਵਾਜ਼ਾ ਮਿਆਰੀ ਕੀਰਤਨ ਦੀਆਂ ਨਹੀਂ ਹਨ। ਕੀਰਤਨ ਦੇ ਵਪਾਰੀਕਰਨ ਨਾਲ ਸਥਿਤੀ ਹੋਰ ਵਿਗੜ ਗਈ। ਫਿਲਮੀ ਤਰਜਾਂ ਤੇ ਕੀਰਤਨ ਕਰਨ ਵਾਲੇ ਇਸ਼ਤਿਹਾਰਬਾਜ਼ੀ ਕਾਰਣ ਰਾਤੋ-ਰਾਤ ਕੀਰਤਨ ਸਟਾਰ ਬਣ ਜਾਂਦੇ ਹਨ ਅਤੇ ਕਲਾਸੀਕਲ ਕੀਰਤਨ ਦੇ ਪ੍ਰਵੀਨ–ਕੀਰਤਨੀਏ ਵੀ ਨਮੋਸ਼ੀ ਮਹਿਸੂਸ ਕਰਨ ਲੱਗ ਪੈਂਦੇ ਹਨ।

ਇਸ ਲਈ ਗਿਆਨੀ ਹਰਦਿੱਤ ਸਿੰਘ ਜੀ ਨੇ ਜੋ ਪ੍ਰਚਾਰ ਦਾ ਤਰੀਕਾ ਅਪਨਾਇਆ ਉਸ ਅਨੁਸਾਰ ਜੇ ਨਵੇਂ ਕੀਰਤਨੀਆਂ ਦੀ ਸਿਖਲਾਈ ਕਰਵਾਈ ਜਾਵੇ ਤਾਂ ਕੀਰਤਨ ਦਾ ਕਲਾਸੀਕਲ ਰੂਪ ਬਚਣ ਦੀ ਸੰਭਾਵਨਾ ਬਣ ਜਾਂਦੀ ਹੈ।

ਚੰਗੇ ਕੀਰਤਨੀਏ, ਠੀਕ ਹੈ ਉਹ ਆਪਣੀ ਪਰਵਿਰਸ਼ ਵਾਸਤੇ ਮਾਇਆ ਜ਼ਰੂਰ ਕਮਾਉਣ, ਪਰ ਉਹ, ਇਸ ਵਿਚੋਂ ਆਪਣੀ ਮਾਇਆ ਅਤੇ ਸਮੇਂ ਦਾ ਦਸਵੰਦ ਵੀ ਕਢਣ। ਇਸ ਵਿੱਚ ਹੀ ਉਨ੍ਹਾਂ ਦਾ ਅਤੇ ਸਮੂਹ ਸਿਖ ਜਗਤ ਦਾ ਭਲਾ ਹੈ। ਇਹ ਗੱਲ ਸਿੱਖ ਸੰਗਤਾਂ ਦੀ ਸੇਵਾ ਵਿਚ-ਜਿਥੇ ਕਿਤੇ ਵੀ ਗਿਆਨੀ ਹਰਦਿੱਤ ਸਿੰਘ ਜੀ ਜਿਹੇ ਕੀਰਤਨੀਏ, ਪ੍ਰਚਾਰਕ ਗਰੰਥੀ ਆਦਿ ਸੇਵਾ ਕਰ ਰਹੇ ਹਨ। ਉਹਨਾਂ ਨੂੰ ਸਹਿਯੋਗ ਦੇਣ ਦੀ ਕਿਰਪਾ ਕਰੋ। ਸਿਖ ਧਰਮ ਅਤੇ ਕੌਮ ਦਾ ਭਵਿਖ ਅਜੋਕੇ ਸਿਆਸੀ ਆਗੂਆ ਦੇ ਹੱਥ ਵਿੱਚ ਨਹੀਂ ਸਗੋਂ ਅਜਿਹੇ ਪ੍ਰਚਾਰਕਾਂ ਦੇ ਹਥਾਂ ਵਿਚ ਹੈ। 'ਅੰਮ੍ਰਿਤ ਕੀਰਤਨ' ਆਪਣੀ ਸੀਮਤ ਜਿਹੀ ਸ਼ਕਤੀ ਅਨੁਸਾਰ ਗਿਆਨੀ ਹਰਦਿੱਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਜਾਗੀਰ ਸਿੰਘ

# ਸੰਗੀਤਾਚਾਰਯ

## *ਗਿਅਨੀ ਹਰਦਿੱਤ ਸਿੰਘ ਜੀ*

### (ਗੁਰਮਤਿ ਵਿਦਿਆਲਾ ਗੁ. ਰਕਾਬਗੰਜ ਨਵੀਂ ਦਿਲੀ)

ਗਿ, ਆਵਤ ਸਿੰਘ

ਸਿਖ ਪੰਥ ਦੇ ਅੰਦਰ ਸਮੇਂ ਸਮੇਂ ਕੀਰਤਨ ਦੇ ਖੇਤਰ ਵਿਚ ਬਹੁਤ ਵਡੀਆਂ ਸ਼ਖਸੀਅਤਾਂ ਪੈਦਾ ਹੋਈਆਂ ਹਨ ਲੇਕਿਨ ਉਹ ਕੇਵਲ ਕੀਰਤਨ ਤਕ ਹੀ ਉਭਰੀਆ ਹਨ। ਬਹੁ ਪਖੀ ਸ਼ਖਸੀਅਤ, ਕੀਰਤਨੀਏ, ਪ੍ਰਚਾਰਕ, ਸਾਮਾਜਿਕ ਕਥਨੀ ਅਤੇ ਕਰਨੀ ਦੇ ਸੂਰੇ, ਪੂਰੇ ਗੁਰ ਸਿਖ, ਨਿਸ਼ਕਾਮ, ਪਰਉਪਕਾਰੀ ਤੇ ਸੰਗੀਤਾਚਾਰਯ ਗਿਆਨੀ ਹਰਦਿੱਤ ਸਿੰਘ ਜੀ ਦੀ ਸ਼ਖਸੀਅਤ ਹੀ ਸਾਮਣੇ ਆਉਂਦੀ ਹੈ। ਆਪ ਜੀ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ੍ਰ: ਹਰੀ ਸਿੰਘ ਨਲੂਆ ਦੇ ਵਸਾਏ ਜ਼ਿਲਾ ਹਰੀਪੁਰ ਹਜ਼ਾਰਾ (ਫਰੰਟਿਅਰ ਪਾਕਿਸਤਾਨ) ਦੇ ਪਿੰਡ ਜਾਬਾ ਭਾਈ ਗੋਪਾਲ ਸਿੰਘ ਦੇ ਘਰ 13 ਜਨਵਰੀ 1904 ਵਿਚ ਹੋਇਆ।

ਇਹ ਪਿੰਡ ਆਪ ਦੇ ਵਡਿਕਿਆ ਦਾ ਹੀ ਵਸਾਇਆ ਹੋਇਆ ਸੀ। ਜਾਬੇ ਤੋਂ ਚਾਰ ਕੁ ਕੋਹ ਪਹਾੜ ਦੀ ਗੁੱਠ ਵਿਚ ਵਸਦੇ ਚਮਨੱਕਾ ਨਾਮੀ ਪਿੰਡ ਵਿਚ ਪ੍ਰਾਇਮਰੀ ਸਕੂਲ ਸੀ, ਜਿਸ ਵਿਚ ਜਾਬੇ ਦੇ ਬੱਚੇ ਪੜਨ ਜਾਂਦੇ ਸਨ। ਗਿ: ਹਰਦਿੱਤ ਸਿੰਘ ਜੀ ਵੀ ਪੰਜ ਸਾਲ ਦੀ ਆਯੂ ਵਿਚ ਇਸ ਸਕੂਲ ਪੜ੍ਹਨੇ ਪਾਏ ਗਏ। ਆਪ ਉਰਦੂ ਜ਼ਬਾਨ ਵਿਚ ਕਾਫੀ ਦਿਲਚਸਪੀ ਲੈਂਦੇ ਸਨ ਤੇ ਲਿਖਤ ਵੀ ਬੜੀ ਸੁਹਣੀ ਲਿਖਣ ਲਗ ਪਏ, ਸਾਲਾਨਾ ਨਤੀਜੇ ਵੀ ਸ਼ਾਨਦਾਰ ਨਿਕਲਦੇ, ਚੌਥੀ ਜਮਾਤ ਪ੍ਰਾਇਮਰੀ ਦੀ ਆਪ ਨੇ ਬੜੀ ਸ਼ਾਨ ਨਾਲ ਪਾਸ ਕਰ ਲਈ। ਇਨ੍ਹਾਂ ਦੀ ਤੀਖਣ-ਬੁੱਧੀ ਅਤੇ ਇਨ੍ਹਾਂ ਦੇ ਪੜ੍ਹਾਉਣ ਵਾਲੇ ਮੌਲਵੀ ਤੋਂ ਪ੍ਰਸ਼ੰਸਾ ਸੁਣ ਕੇ ਆਪ ਦੇ ਪਿਤਾ ਜੀ ਨੇ ਅੱਗੇ ਪੜ੍ਹਾਉਣ ਦਾ ਆਹਰ ਕੀਤਾ।

ਇਨ੍ਹਾਂ ਦਿਨਾਂ ਵਿਚ ਆਪ ਨੂੰ ਸ਼ਬਦ ਗਾਇਨ ਕਰਕੇ ਪੜਣ ਦੀ ਚਾਟ ਵੀ ਲਗ ਚੁਕੀ ਸੀ। ਆਪ ਦਾ ਮੌਲਵੀ ਵੀ ਬੜਾ ਜ਼ਿੰਦਾ ਦਿਲ ਬੰਦਾ ਸੀ। ਸਕੂਲ ਦੇ ਮੁਸਲਮਾਨ ਬਚਿਆਂ ਵਿਚ ਬਹਿ ਕੇ ਕਈ ਵੇਰਾਂ ਆਪ ਸ਼ਬਦ ਗਾ ਕੇ ਉਨ੍ਹਾਂ ਦੀ ਵਾਹ ਵਾਹ ਲੈਂਦੇ ਤੇ ਸਕੂਲ ਦੇ ਸਾਰੇ ਮੌਲਵੀ ਇਸ ਗੱਲ ਨੂੰ ਜਾਣ ਗਏ ਕਿ ਆਪ ਬਾਬਾ ਨਾਨਕ ਦੇ ਕਲਾਮ ਨੂੰ ਸੋਹਣੀ ਲੈਅ ਵਿਚ ਗਾ ਕੇ ਮਸਤ ਕਰ ਲੈਂਦੇ ਹਨ। ਇਨ੍ਹਾਂ ਮੌਲਵੀਆਂ ਵਿਚੋਂ ਆਪ ਦੁਆਰਾ ਅਕਸਰ ਗਾਇਆ ਜਾਣ ਵਾਲਾ ਸ਼ਬਦ—"ਹਉਂ ਕੁਰਬਾਨੇ ਜਾਉਂ

ਮਿਹਰਵਾਨਾ'' ਤਾਂ ਕਈ ਮੌਲਾਨੇ ਮੁਨਸ਼ੀ ਆਪ ਗਾ ਕੇ ਘੜੀ ਦੀ ਘੜੀ ਅਪਣਾ ਮਨੋਰੰਜਨ ਕਰ ਲੈਂਦੇ ਅਤੇ ਮੁਸਲਮਾਨ ਵਿਦਿਆਰਥੀ ਵੀ ਗੁਨ-ਗੁਨਾ ਕੇ ਖੁਸ਼ ਹੋ ਲੈਂਦੇ। ਸਬੱਬ ਨਾਲ ਆਪ ਜੀ ਦੇ ਮਾਮਾ ਹੀਰਾ ਸਿੰਘ ਜੀ ਜੋ ਪੰਜਾ ਸਾਹਿਬ ਕਿਸੇ ਸਕੂਲ ਦੇ ਹੈਡ ਮਾਸਟਰ ਸਨ ਪਿੰਡ ਆਏ ਤੇ ਆਪ ਨੂੰ ਆਪਣੇ ਨਾਲ ਪੰਜਾ ਸਾਹਿਬ ਲੈ ਗਏ, ਉਦੋਂ ਆਪ ਦੀ ਆਯੂ ਦਸ ਕੁ ਸਾਲ ਦੀ ਸੀ।

ਆਪ ਦੀ ਰੁਚੀ ਇਥੇ ਰਹਿ ਕੇ ਪੰਜੇ ਵਾਲੇ ਦੇ ਇਲਾਹੀ ਨਗਮਿਆਂ ਨੂੰ ਗਾਉਣ ਵੱਲ ਵਧ ਗਈ ਤੇ ਪੜ੍ਹਾਈ ਵਲੋਂ ਆਪ ਦਾ ਮਨ ਉਪਰਾਮ ਹੋ ਗਿਆ। ਪੰਜਾ ਸਾਹਿਬ ਦੇ ਮਹੰਤ ਭਾਈ ਮਿੱਠਾ ਸਿੰਘ ਜੀ ਨੇ ਸੰਗਤ ਵਿਚ ਆਪ ਦੇ ਸ਼ਬਦ ਸੁਣ ਕੇ ਬੜੀ ਸ਼ਲਾਘਾ ਕੀਤੀ ਅਤੇ ਇਕ ਵੇਰਾਂ ਇਨ੍ਹਾਂ ਨੂੰ ਇਕਾਂਤ ਵਿਚ ਕਿਹਾ : 'ਕੀ ਲੈਣਾ ਹੈ ਸਕੂਲ ਦੀਆਂ ਝੂਠੀਆਂ ਪੜ੍ਹਾਈਆਂ ਤੋਂ. ਇਉਂ ਹੀ ਗੁਰਬਾਣੀ ਗਾ ਗਾ ਕੇ ਸੰਗਤਾਂ ਨੂੰ ਨਿਹਾਲ ਕਰਿਆ ਕਰੋ। ਬਾਲਕ ਹਰਦਿੱਤ ਸਿੰਘ ਨੇ ਮਹੰਤ ਮਿੱਠਾ ਸਿੰਘ ਜੀ ਦੀ ਇਹੋ ਗਲ ਪਲੇ ਬੰਨ੍ਹ ਲਈ ਤੇ ਆਪ ਦਾ ਤਨ ਮਨ ਗੁਰਬਾਣੀ ਦੇ ਪਿਆਰ ਵਿਚ ਰੰਗਿਆ ਗਿਆ।

ਸ੍ਰੀ ਪੰਜਾ ਸਾਹਿਬ ਆਇਆਂ ਅਜੇ ਕੁਝ ਮਹੀਨੇ ਹੀ ਹੋਏ ਸਨ ਕਿ ਆਪ ਜੀ ਦੇ ਮਾਮਾ ਜੀ ਪਲੇਗ ਕਾਰਨ ਭਰ ਜਵਾਨੀ ਵਿਚ ਰੱਬ ਨੂੰ ਪਿਆਰੇ ਹੋ ਗਏ। ਉਦੋਂ ਆਪ ਜੀ ਦੇ ਪਿਤਾ ਜੀ ਵੀ ਪਿੰਡ ਨੂੰ ਛੱਡ ਕੇ ਬਚਿਆਂ ਦੀ ਪੜ੍ਹਾਈ ਕਾਰਨ ਸ਼ਹਿਰ ਹਰੀ ਪੁਰ ਆ ਕੇ ਵਸ ਗਏ, ਅਤੇ ਗਿ. ਹਰਦਿੱਤ ਸਿੰਘ ਜੀ ਵੀ ਪੰਜਾ ਸਾਹਿਬ ਤੋਂ ਆ ਕੇ ਹਰੀ ਪੁਰ ਖਾਲਸਾ ਸਕੂਲ ਵਿਚ ਦਾਖਲ ਹੋ ਗਏ, ਆਪ ਅੱਠਵੀਂ ਦੇ ਸਾਲਾਨਾ ਇਮਤਿਹਾਨ ਵਿਚ ਹਿਸਾਬ ਤੇ ਅੰਗ੍ਰੇਜ਼ੀ ਦੇ ਮਜ਼ਮੂਨਾਂ ਵਿਚੋਂ ਰਹਿ ਗਏ। ਅਠਵੀਂ ਵਿਚੋਂ ਰਹਿ ਜਾਣਾ ਆਪ ਜੀ ਦੀ ਮਰਜ਼ੀ ਦੇ ਮੂਜਬ ਹੀ ਹੋਇਆ, ਕਿਉਂਕਿ ਆਪ ਜੀ ਦੀ ਰੁਚੀ ਸਕੂਲ ਦੀ ਪੜ੍ਹਾਈ ਵਲ ਨਹੀਂ ਸੀ। ਆਪ ਬਚਪਨ ਤੋਂ ਹੀ ਗਾਉਣ ਦਾ ਅਤੇ ਸ਼ਬਦ ਕੀਰਤਨ ਸਿਖਣ ਦਾ ਸ਼ੌਕ ਰਖਦੇ ਸਨ, ਆਪ ਗੁਰਬਾਣੀ ਤੇ ਕੀਰਤਨ ਦੀ ਬਾਕਾਇਦਾ ਸਿਖਿਆ ਪ੍ਰਾਪਤ ਕਰਨਾ ਚਾਹੁੰਦੇ ਸਨ।

ਕੁਦਰਤ ਨੇ ਆਪ ਨੂੰ ਉਸੇ ਕਾਰਜ ਲਈ ਜਨਮ ਦਿਤਾ ਸੀ, ਜਿਹੜਾ ਕਾਰਜ ਕਿ ਵਿਰਲੇ ਗੁਰਸਿਖਾਂ ਨੂੰ ਨਸੀਬ ਹੁੰਦਾ ਹੈ। ਉਹ ਸੀ "ਆਪ ਜਪਹਿ ਅਵਰਹਿ ਨਾਮ ਜਪਾਵੈ" ਇਉਂ ਆਪ ਜੀ ਨੂੰ ਸੰਨ ੧੯੧੯ ਵਿਚ ਮੈਨੇਜਰ ਮਾਸਟਰ ਈਸ਼ਰ ਸਿੰਘ ਜੀ ਦੀ ਸਹਾਇਤਾ ਨਾਲ ਕੀਰਤਨ ਸਿੱਖਣ ਲਈ ਖਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਵਿਖੇ ਦਾਖਲ ਕਰਾ ਦਿਤਾ। ਉਦੋਂ ਆਪ ਜੀ ਦੀ ਆਯੂ ਪੰਦਰਾਂ ਕੁ ਵਰ੍ਹੇ ਦੇ ਨੇੜੇ ਸੀ। ਆਪ ਦਾ ਸੁਰੀਲਾ ਗਲਾ ਤੇ ਗਲੇ ਤੋਂ ਨਿਕਲੇ ਸੁੰਦਰ ਨਗ਼ਮੇ ਵਿਦਿਆਲੇ ਦੇ ਸੰਗੀਤ ਅਚਾਰੀਯ ਪੰਡਿਤ ਨੱਥੂ ਰਾਮ ਜੀ ਲਈ ਕੋਈ ਘਟ ਖੁਸ਼ੀ ਦਾ ਕਾਰਨ ਨਹੀਂ ਸੀ। ਮਾਸਟਰ ਈਸ਼ਰ ਸਿੰਘ ਜੀ ਵੀ ਇਹ ਜਾਣ ਕੇ ਅਤੀ ਪ੍ਰਸੰਨ ਸਨ ਕਿ ਬੱਚਾ ਕੀਰਤਨ

ਸਿੱਖਣ ਤੇ ਕਰਣ ਦਾ ਬੜਾ ਸ਼ੌਕੀਨ ਹੈ। ਆਪ ਜੀ ਤਰਨ-ਤਾਰਨ ਪ੍ਰਚਾਰਕ ਵਿਦਿਆਲੇ ਤੋਂ ਤਿੰਨ ਸਾਲ ਦਾ ਕੋਰਸ ਪਾਸ ਕਰਕੇ ਆਪਣੇ ਘਰ ਹਰੀ ਪੁਰ ਆ ਗਏ। ਸੰਨ ੧੯੧੯ ਵਿਚ ਹੀ ਸੰਤ ਅਤਰ ਸਿੰਘ ਪ੍ਰਚਾਰ ਫੇਰੀ ਤੇ ਹਰੀਪੁਰ ਆਏ ਤੇ ਉਨ੍ਹਾਂ ਨੇ ਅੰਮ੍ਰਿਤ ਪ੍ਰਚਾਰ ਵੀ ਕੀਤਾ। ਗਿਆਨੀ ਜੀ ਨੇ ਆਪਣੀ ਮਾਤਾ ਜੀ ਸਮੇਤ ਸੰਤ ਜੀ ਪਾਸੋਂ ਅੰਮ੍ਰਿਤ ਛਕ ਲਿਆ।

## ਸਿੰਧ ਵਿਚ ਪ੍ਰਚਾਰ

ਵਿਦਿਆਲਾ ਛੱਡਣ ਤੋਂ ਬਾਦ ਆਪ ਜੀ ਦਾ ਮੇਲ ਸਿੰਧ ਦੇ ਪ੍ਰਸਿਧ ਪ੍ਰਚਾਰਕ ਗਿ: ਬਲਵੰਤ ਸਿੰਘ ਜੀ ਨਾਲ ਹੋਇਆ, ਉਨ੍ਹਾਂ ਸਲਾਹ ਦਿਤੀ ਕਿ ਤੁਸੀਂ ਬਥੇਰਾ ਕੁਝ ਸਿੱਖ ਲਿਆ ਹੈ ਹੁਣ ਅਮਲੀ ਤੌਰ ਤੇ ਕੰਮ ਕਰੋ। ਇਕ ਰਾਗੀ ਜਥਾ ਬਣਾ ਕੇ ਮੇਰੇ ਨਾਲ ਸਿੰਧ ਵਿਚ ਚਲੋ ਤੇ ਗੁਰਸਿੱਖੀ ਦਾ ਪ੍ਰਚਾਰ ਕਰੀਏ। ਗਿ: ਹਰਦਿੱਤ ਸਿੰਘ ਜੀ ਆਪਣੇ ਛੋਟੇ ਵੀਰ ਗਿ: ਹਰਨਾਮ ਸਿੰਘ ਜੀ ਨੂੰ ਸਾਥ ਲੈ ਕੇ ਗਿ: ਬਲਵੰਤ ਸਿੰਘ ਜੀ ਦੇ ਨਾਲ ਸਿੰਧ ਦੇ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਕਰਨ ਲਈ ਟੁਰ ਪਏ। ਸ਼ਿਕਾਰਪੁਰ ਸਿੰਧ ਦੇ ਇਕ ਬਾ-ਰੌਣਕ ਮਹੱਲੇ "ਖਾਨ ਚੰਦ ਅਬਾਦ" ਵਿਚ ਇਕ ਮਕਾਨ ਕਿਰਾਏ ਤੇ ਲੈ ਕੇ ਜੱਥੇ ਦਾ ਜਾ ਉਤਾਰਾ ਕੀਤਾ, ਉਸ ਦੇ ਨਾਲ ਹੀ ਖਾਲਸਾ ਯਤੀਮ ਖਾਨਾ ਦੇ ਮੈਨੇਜਰ ਗਿ: ਮਾਨ ਸਿੰਘ ਜੀ ਨੂੰ ਮਿਲ ਕੇ ਦੋ ਮਹੀਨੇ ਦਾ ਪ੍ਰੋਗਰਾਮ ਬਣਾਇਆ ਗਿਆ ਤੇ ਕੀਰਤਨ ਪ੍ਰਚਾਰ ਦੇ ਇਸ਼ਤਿਹਾਰ ਥਾਂ ਥਾਂ ਭੇਜ ਦਿਤੇ ਗਏ। ਇਸ ਦੌਰੇ ਵਿਚ ਆਪ ਲਾੜਕਾਣਾ, ਹੈਦਰਾਬਾਦ ਸਿੰਧ, ਗੁਰੂ ਨਾਨਕ ਦਰਗਾਹ ਮਾੜੀ, ਖਾਤਾ ਕਰਾਚੀ ਤੇ ਸਾਧ ਬੇਲਾ ਸੱਖਰ ਦੇ ਦਰਸ਼ਨ ਕਰਦੇ ਹੋਏ ਤਿੰਨ ਮਹੀਨੇ ਬਾਦ ਨਵੰਬਰ ੧੯੨੧ ਵਿਚ ਗੁ: ਸ੍ਰੀ ਪੰਜਾ ਸਾਹਿਬ ਵਿਖੇ ਆਪ ਰਾਗੀ ਜਥੇ ਸਹਿਤ ਤਿੰਨ ਸਾਲ ਤਕ ਕੀਰਤਨ ਰਾਹੀਂ ਸੰਗਤਾਂ ਦੀ ਸੇਵਾ ਕਰਦੇ ਰਹੇ।

ਫਰਵਰੀ ੧੯੨੪ ਵਿਚ ਗਿ: ਹਰਨਾਮ ਸਿੰਘ ਜੀ ਜੈਤੋ ਗੰਗਸਰ ਦੇ ਸ਼ਹੀਦੀ ਜੱਥੇ ਵਿਚ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਆ ਗਏ ਤੇ ਪੰਜ ਸੌ ਸਿੰਘਾਂ ਦੇ ਛੇਵੇਂ ਸ਼ਹੀਦੀ ਜਥੇ ਨਾਲ ਗ੍ਰਿਫਤਾਰ ਹੋ ਗਏ। ਗਿ: ਹਰਨਾਮ ਸਿੰਘ, ਬਲੱਭ, ਦੀ ਜੇਲ੍ਹ ਯਾਤਰਾ ਮਗਰੋਂ ਗਿ: ਹਰਦਿੱਤ ਸਿੰਘ ਜੀ ਦੇ ਵੀ ਹਾਲਤਾਂ ਨੇ ਮੋੜ ਖਾਧਾ ਅਤੇ ਆਪ ਸ੍ਰੀ ਪੰਜਾ ਸਾਹਿਬ ਦੀ ਸੇਵਾ ਛੱਡ ਕੇ ੧੯੨੫ ਵਿਚ ਦਿਲੀ ਦੇ ਪ੍ਰਸਿਧ ਮਹਾਂਦਾਨੀ ਸ: ਬ: ਸਰਦਾਰ ਧਰਮ ਸਿੰਘ ਜੀ ਪਾਸ ਕੋਠੀ ਨੰ: ੭ ਜੰਤ੍ਰ ਮੰਤ੍ਰ ਰੋਡ ਨਵੀਂ ਦਿਲੀ ਵਿਖੇ ਕੀਰਤਨ ਦੀ ਸੇਵਾ ਤੇ ਆ ਲੱਗੇ। ਸੰਨ ੧੯੨੬ ਵਿਚ ਆਪ ਦਾ ਵਿਆਹ ਹੋਇਆ।

ਸੰਨ ੧੯੨੬ ਵਿਚ ਗਿ: ਹਰਨਾਮ ਸਿੰਘ ਜੀ ਨੇ ਪੰਜਾਬ ਯੂਨੀਵਰਸਟੀ ਤੋਂ ਗਿਆਨੀ ਪਾਸ ਕਰ ਲਈ ਤੇ ਆਪ ਵੀ ਅਕਤੂਬਰ ੧੯੭੭ ਵਿਚ ਗਿ: ਹਰਦਿੱਤ ਸਿੰਘ

ਜੀ ਪਾਸ ਦਿਲੀ ਆ ਗਏ। ਅਤੇ ਰਾਗੀ ਜਥਾ ਬਣਾ ਕੇ ਸ: ਬਹਾਦਰ ਦੇ ਘਰ ਉਨ੍ਹਾਂ ਦੇ ਪਰਿਵਾਰ ਵਿਚ ਰੋਜ਼ਾਨਾ ਕੀਰਤਨ ਦੀ ਸੇਵਾ ਤੇ ਲਗ ਗਏ। ਸਵੇਰੇ-ਸ਼ਾਮ ਕੀਰਤਨ ਮਗਰੋਂ ਸਾਰਾ ਦਿਨ ਵਿਹਲ ਹੁੰਦੀ, ਗਿ: ਹਰਦਿੱਤ ਸਿੰਘ ਜੀ ਦਾ ਮਨ ਇਸ ਵਿਹਲ ਤੋਂ ਉਕਤਾਣ ਲਗ ਪਿਆ, ਉਨ੍ਹਾਂ ਨੇ ਇਹ ਗਲ ਸਰਦਾਰ ਬਹਾਦਰ ਜੀ ਦੀ ਕੰਨੀ ਪਾਈ। ਸਰਦਾਰ ਜੀ ਨੇ ਆਪ ਨੂੰ ਪ੍ਰੇਰਿਆ ਕਿ ਤੁਸੀਂ ਧਰਮ ਪ੍ਰਚਾਰ ਕਰ ਕੇ ਇਸ ਵਿਹਲ ਨੂੰ ਸਫਲ ਕਰਨ ਲਈ ਪ੍ਰਚਾਰ ਦੀ ਸਕੀਮ ਤਿਆਰ ਕਰੋ।

## ਯੂ. ਪੀ. ਵਿਚ ਪ੍ਰਚਾਰ

ਇਹ ਇਕ ਇਤਫਾਕ ਦੀ ਗੱਲ ਹੈ ਕਿ ਇਨ੍ਹਾਂ ਹੀ ਦਿਨਾਂ ਵਿਚ ਜ਼ਿਲਾ ਬਿਜਨੌਰ ਦੇ ਕੁਝ ਸਿੰਘ, ਜਿਨ੍ਹਾਂ ਨੂੰ ਰਮਈਏ ਸਿੰਘ ਕਿਹਾ ਜਾਂਦਾ ਹੈ ਸ: ਬ: ਧਰਮ ਸਿੰਘ ਜੀ ਨੂੰ ਦਿਲੀ ਆ ਕੇ ਮਿਲੇ ਤੇ ਬੇਨਤੀ ਕੀਤੀ ਕਿ ਕਿ ਬਿਜਨੌਰ ਦੇ ਜ਼ਿਲੇ ਵਿਚ ਤੀਹ ਚਾਲੀ ਪਿੰਡ ਸਿੰਘਾਂ ਦੇ ਹਨ, ਜਿਨ੍ਹਾਂ ਵਿਚ ਅਨੰਦ ਕਾਰਜ ਅਤੇ ਹਰ ਮ੍ਰਿਤਕ ਆਦਿਕ ਦੀਆਂ ਰਸਮਾਂ ਵੀ ਗੁਰਮਰਿਆਦਾ ਅਨੁਸਾਰ ਕਰਨ ਦਾ ਪ੍ਰਬੰਧ ਕੀਤਾ ਜਾਵੇ, ਇੰਜ ਗੁਰਮਤ ਪ੍ਰਚਾਰ ਨੂੰ ਬੜਾ ਉਤਸਾਹ ਤੇ ਪ੍ਰੇਰਨਾ ਮਿਲ ਸਕਦੀ ਹੈ।

ਸਰਦਾਰ ਬਹਾਦਰ ਜੀ ਗਿਆਨੀ ਜੀ ਦੀ ਉਪਰਾਮਤਾ ਨੂੰ ਪਹਿਲਾ ਹੀ ਜਾਣ ਚੁੱਕੇ ਸਨ, ਉਨ੍ਹਾਂ ਨੇ ਹੁਕਮ ਕੀਤਾ ਕਿ ਤੁਸੀਂ ਆਪਣਾ ਰਾਗੀ ਜੱਥਾ ਲੈ ਕੇ ਬਿਜਨੌਰ ਦੇ ਉਪ੍ਰੋਕਤ ਪਿੰਡਾਂ ਵਿਚ ਜਾਓ ਤੇ ਵੇਖੋ ਉਥੇ ਪ੍ਰਚਾਰ ਕਿਵੇਂ ਹੋ ਸਕਦਾ ਹੈ? ਪਿੰਡਾਂ ਵਿਚ ਪ੍ਰਚਾਰ ਲਈ ਕੀ ਉਤਸ਼ਾਹ ਤੇ ਹੋਰ ਸੰਬੰਧਤ ਸਾਰੀਆਂ ਗੱਲਾਂ ਦੀ ਰੀਪੋਰਟ ਆ ਕੇ ਦਸੋ।

ਸਰਦਾਰ ਬਹਾਦਰ ਜੀ ਦੀ ਆਗਿਆ ਤੇ ਉਤਸਾਹ ਪਾ ਕੇ ਗਿਆਨੀ ਜੀ ਜ਼ਿਲਾ ਬਿਜਨੌਰ ਦੇ ਪਿੰਡਾਂ ਵਿਚ ਜਾ ਪੁੱਜੇ। ਪ੍ਰਚਾਰ ਕਰਦਿਆਂ ਤੇ ਹਾਲਤ ਮਾਲੂਮ ਕਰਦਿਆਂ ਲਿਖਦਿਆਂ ਇਕ ਮਹੀਨਾ ਲਗ ਗਿਆ ਤੇ ਸ: ਬਹਾਦਰ ਜੀ ਨੂੰ ਸਾਰੀਆਂ ਗੱਲਾਂ ਤੋਂ ਜਾਣੂ ਕਰਾਇਆ। ਕੁਝ ਚਿਰ ਮਗਰੋਂ ਜ਼ਿਲਾ ਮੁਰਾਦਾਬਾਦ ਦਾ ਦੌਰਾ ਕਰਕੇ ਗਿਆਨੀ ਜੀ ਨੇ ਇਕ ਹੋਰ ਪ੍ਰਚਾਰ ਰੀਪੋਰਟ ਸਰਦਾਰ ਬਹਾਦਰ ਜੀ ਦੇ ਪੇਸ਼ ਕੀਤੀ ਕਿ ਜ਼ਿਲਾ ਮੁਰਾਦਾ–ਬਾਦ ਵਿਚ ਲਗ-ਭਗ ੭੦੦ ਸੱਤ ਸੋ ਪਿੰਡ ਅਤੇ ਜ਼ਿਲਾ ਮੇਰਠ ਵਿਚ ੯੪ ਪਿੰਡ ਪਛਾਂਦੇ ਜੱਟ ਸਿੱਖ ਦੇ ਹਨ, ਜਿਨ੍ਹਾਂ ਵਿਚ ਗੁਰਮਤ ਦੇ ਪ੍ਰਚਾਰ ਦੀ ਬੜੀ ਲੋੜ ਹੈ। ਪਛਾਂਦੇ ਭਾਵ ਉਨ੍ਹਾ ਸਿੱਖਾਂ ਤੋਂ ਹੈ ਜੋ ਪੰਜਾਬ ਵਿਚ ਸਿੱਖ ਰਾਜ ਹੋਣ ਤੋਂ ਪਹਿਲਾਂ ਮਿਸਲਾਂ ਦੇ ਸਮਿਆਂ ਨਿਰਵਾਸਤ ਹੋ ਕੇ ਯੂ. ਪੀ ਦੇ ਭਿੰਨ ਭਿੰਨ ਜ਼ਿਲਿਆਂ ਵਿਚ ਆ ਵਸੇ ਸਨ। ਹੁਣ ਲਗ ਭਗ ਸਾਰੇ ਹੀ ਪ੍ਰਚਾਰ ਦੀ ਅਣ–ਗਹਿਲੀ ਕਾਰਨ ਕੇਸਹੀਣ ਹੋ ਚੁਕੇ ਹਨ, ਹਾਲਾਂ ਕਿ ਇਨ੍ਹਾਂ ਦੀਆਂ ਜਾਤਾਂ ਗੋਤਾਂ ਪੰਜਾਬ ਦੇ ਜੱਟ ਸਿੰਘਾਂ ਨਾਲ ਮਿਲਦੀਆਂ ਹਨ ਅਤੇ ਅਜੇ

ਵੀ ਕਈ ਸਰਦੇ ਪੁਜਦੇ ਘਰਾਣਿਆਂ ਦੀਆਂ ਵਿਆਹ-ਸ਼ਾਦੀਆਂ ਤਥਾ ਰਿਸ਼ਤੇ ਇਧਰ ਉਧਰ ਹੁੰਦੇ ਹਨ।

## ਪ੍ਰਚਾਰ ਦਾ ਢੰਗ ਤੇ ਕਠਨਾਈਆਂ

ਉਸ ਵਕਤ ਪ੍ਰਚਾਰ ਇਸ ਤਰੀਕੇ ਨਾਲ ਸੁਰੂ ਕੀਤਾ ਗਿਆ ਕਿ ਇਲਾਕੇ ਵਿਚ ਪ੍ਰਚਾਰਕ ਇੱਕਲਾ ਜਾਂ ਰਾਗੀ ਜੱਥਾ ਪਿੰਡਾਂ ਵਿਚ ਦੌਰਾ ਕਰਦਾ, ਲੋਕਾਂ ਨੂੰ ਸਿੱਖੀ ਸਬੰਧੀ ਵਾਕਫੀ ਦੇਂਦਾ ਤੇ ਪ੍ਰੇਰਨਾ ਕਰਦਾ। ਜਿਥੇ ਕਿਤੇ ਕੋਈ ਮੇਲਾ ਜਾਂ ਦੀਵਾਨ ਦਾ ਪ੍ਰਬੰਧ ਹੁੰਦਾ, ਉਥੇ ਪੁਜ ਕੇ ਹਰਿਆਣੇ ਦੀਆਂ ਤਰਜਾਂ ਵਿਚ ਸਿੱਖ ਇਤਿਹਾਸ ਨੂੰ ਕਵਿਤਾ ਵਿਚ ਗਾ ਕੇ ਸੁਣਾਉਂਦਾ, ਲੈਕਚਰ ਦਿੰਦਾ ਤੇ ਸਿੱਖ ਸਜਣ ਲਈ ਪ੍ਰੇਰਨਾ ਕਰਦਾ। ਉਨ੍ਹਾਂ ਦਿਨਾਂ ਵਿਚ ਆਰੀਆ ਸਮਾਜ ਦੀ ਬੜੀ ਚਰਚਾ ਸੀ ਤੇ ਥਾਂ ਥਾਂ ਉਨ੍ਹਾਂ ਨਾਲ ਚਰਚਾਵਾਦ ਕਰਨਾ ਪੈਂਦਾ ਸੀ, ਉਸ ਸਮੇਂ ਪਿੰਡਾਂ ਦੇ ਪ੍ਰਚਾਰਕ ਨੂੰ ਕਈ ਵੇਰਾਂ ੨੦-੨੫ ਮੀਲ ਪੈਦਲ ਸਫਰ ਕਰਨਾ ਪੈਂਦਾ ਸੀ। ਬਲਿਹਾਰ ਜਾਈਏ ਉਸ ਗੁਰਸਿਖ ਜੀਵੜੇ ਤੋਂ, ਜਿਸ ਦੇ ਸੱਜੇ ਮੋਢੇ ਵਾਜਾ. ਖੱਬੇ ਮੋਢੇ ਝੋਲਾ, ਜਿਸ ਵਿਚ ਵਕਤ-ਬਿਵਕਤ ਖਾਣ ਲਈ ਭੁਜੇ ਛੋਲੇ ਤੇ ਗੁੜ ਹੁੰਦਾ ਸੀ ਅਤੇ ਸਿਰ ਉਤੇ ਲੋੜ ਅਨੁਸਾਰ ਬਿਸਤਰਾ। ਇੰਜ ਕਈ ਕਈ ਮੀਲ ਉਸ ਰੇਤਲੇ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਕਰਦੇ ਫਿਰਨਾ, ਇਸ ਨੂੰ ਆਖਦੇ ਨੇ ਸਿਖੀ ਪ੍ਰਚਾਰ ਲਈ ਆਪਾ ਵਾਰਨਾ।

## ਗੜ੍ਹ ਮੁਕਤੇਸ਼ਵਰਸਰ ਪ੍ਰਚਾਰ ਕੈਂਪ

ਯੂ. ਪੀ. ਵਿਚ ਗੜ੍ਹਮੁਕਤੇਸ਼ਵਰ ਇਕ ਮਹਾਨ ਹਿੰਦੂ ਤੀਰਥ ਹੈ ਜਿਥੇ ਗੰਗਾ ਨਦੀ ਦੇ ਸੁੰਦਰ ਘਾਟਾਂ ਉਤੇ ਹਰ ਸਾਲ ਕੱਤਕ ਪੂਰਨਮਾਸ਼ੀ ਦਾ ਬੜਾ ਭਾਰਾ ਮੇਲਾ ਲਗਦਾ ਹੈ। ਲੱਖਾਂ ਸਰਧਾਲੂ ਬੰਦੇ ਇਸ ਮੇਲੇ ਵਿਚ ਯਾਤਰਾ ਤੇ ਗੰਗਾ ਇਸ਼ਨਾਨ ਲਈ ਆਉਂਦੇ ਹਨ। ਅਨੇਕਾਂ ਨੁਮਾਇਸ਼ਾਂ ਤੇ ਖੇਲ ਤਮਾਸ਼ੇ ਹੁੰਦੇ, ਅਨੇਕਾਂ ਸੰਤਾਂ ਸਾਧੂਆਂ ਦੇ ਅਖਾੜੇ ਤੇ ਛੇਤਰ ਲੱਗਦੇ ਹਨ। ਛੇ ਸੱਤ ਦਿਨ ਇਹ ਮੇਲਾ ਬੜਾ ਭਰਦਾ ਹੈ ਤੇ ਪ੍ਰਚਾਰ ਲਈ ਇਹ ਮੇਲਾ ਬੜਾ ਲਾਭਵੰਦ ਹੁੰਦਾ।

੧੯੨੭ ਵਿਚ ਗਿਆਨੀ ਹਰਦਿੱਤ ਸਿੰਘ ਜੀ ਨੇ ਗੜ੍ਹ ਗੰਗਾ ਦੇ ਇਸ ਮੇਲੇ ਉਤੇ ਸਿਖ ਸਭਾ ਨਾਮ ਦਾ ਇਕ ਪ੍ਰਚਾਰ ਕੈਂਪ ਲਾਇਆ, ਜਿਸ ਵਿਚ ਸਵੇਰ ਦੇ ਦੀਵਾਨ ਬੜੇ ਭਰਵੇਂ ਹੁੰਦੇ, ਆਸਾ ਦੀ ਵਾਰ ਦੇ ਕੀਰਤਨ ਤਕ ਬੇਅੰਤ ਸਿਖ ਸੰਗਤਾਂ ਮਾਈ ਭਾਈ ਗੁਰਬਾਣੀ ਦਾ ਕੀਰਤਨ ਤੇ ਸਿੱਖ ਇਤਿਹਾਸ ਸੁਣ ਕੇ ਆਪਣੇ ਤਾਤ ਹਿਰਦਿਆਂ ਨੂੰ ਸ਼ਾਤ ਕਰਦੇ। ਇਹ ਸਾਰਾ ਉੱਦਮ ਸਰਦਾਰ ਬਹਾਦਰ ਜੀ ਦੀ ਪੂਰਨ ਸੰਮਤੀ ਨਾਲ ਤੇ ਉਨ੍ਹਾਂ ਦੀ ਮਾਇਆ ਨਾਲ ਹੀ ਸਫਲ ਹੁੰਦਾ, ਜਿਸ ਵਿਚ ਸਰਦਾਰ ਬਹਾਦਰ ਆਪ ਵੀ ਪ੍ਰਵਾਰ ਸਮੇਤ ਆਪਣੀ ਮੋਟਰ ਤੇ ਜਾਂਦੇ। ਇਸ ਕੈਂਪ ਦੇ ਪਹਿਲੇ ਸਾਲ ੧੯੨੭ ਵਿਚ ਵੀ ਆਪ

ਗਏ ਤੇ ਗਿਆਨੀ ਜੀ ਦਾ ਸਾਰਾ ਪ੍ਰਬੰਧ ਵੇਖ ਕੇ ਬੜੇ ਪ੍ਰਸੰਨ ਹੋਏ ਅਤੇ ਇਸ ਕੈਂਪ ਨੂੰ ਹਰ ਸਾਲ ਜਾਰੀ ਰੱਖਣ ਲਈ ਪ੍ਰੇਰਨਾ ਤੇ ਉਤਸ਼ਾਹ ਦਿਤਾ। ਇਹ ਕੈਂਪ ੧੯੪੯ ਤਕ ਲਗਦਾ ਰਿਹਾ ਤੇ ਹਰ ਸਾਲ ਗਿਆਨੀ ਜੀ ਇਹ ਉਦਮ ਕਰਦੇ ਰਹੇ, ਕਿਉਂਕਿ ਉਨ੍ਹਾਂ ਨੂੰ ਗੁਰਮਤ ਦੇ ਪ੍ਰਚਾਰ ਕਰਨ ਦੀ ਬੜੀ ਲਗਨ ਸੀ। ਸੰਨ ੪੯ ਮਗਰੋਂ ਵੰਡਾਂ ਤੇ ਕੁਝ ਉਤਸ਼ਾਹ ਦੀ ਘਾਟ ਦੇ ਕਾਰਨ ਇਹ ਸਿਲਸਿਲਾ ਬੰਦ ਕਰਨਾ ਪਿਆ।

## ਯੂ. ਪੀ. ਵਿਚ ਸਿਖੀ ਪ੍ਰਚਾਰ ਲਹਿਰ

ਸੰਨ ੧੯੩੬ ਵਿਚ ਸਿਖੀ ਲਹਿਰ ਬੜੇ ਜ਼ੋਰ ਨਾਲ ਜਾਰੀ ਹੋ ਗਈ। ਅਲੀਗੜ ਵਿਖੇ ਪ੍ਰਚਾਰ ਕੈਂਪ ਕਾਇਮ ਕਰਕੇ ਯੂ, ਪੀ. ਸਿਖ ਮਿਸ਼ਨ ਕਾਇਮ ਕੀਤਾ ਗਿਆ ਅਤੇ ੧੯੪੦ ਵਿਚ ਤਹਿਸੀਲ ਹਾਪੁੜ ਜ਼ਿਲਾ ਮੇਰਠ ਵਿਖੇ ਦੂਸਰਾ ਯੂ. ਪੀ. ਸਿਖ ਮਿਸ਼ਨ ਕਾਇਮ ਹੋਇਆ। ਇਨ੍ਹਾਂ ਦੋਹਾਂ ਮਿਸ਼ਨਾਂ ਵਿਚ ਬਹੁਤੇ ਰਾਗੀ, ਪ੍ਰਚਾਰਕ ਗੁਰਮਤਿ ਵਿਦਿਆਲੇ ਤੋਂ ਸਿਖੇ ਵਿਦਿਆਰਥੀ ਹੀ ਭਰਤੀ ਕੀਤੇ ਗਏ ਜੋ ਹੁਣ ਤਕ ਪ੍ਰਚਾਰ ਕਰ ਰਹੇ ਹਨ।

ਉਸ ਸਮੇਂ ਪਿੰਡਾ ਦੇ ਵਸਨੀਕ ਅਨਪੜ੍ਹ ਹੋਣ ਕਰ ਕੇ ਗੁਰਬਾਣੀ ਬਹੁਤ ਘਟ ਸਮਝਦੇ ਸਨ। ਯੂ. ਪੀ. ਦੇ ਪ੍ਰਚਾਰਕਾਂ ਨੇ ਜਿਵੇਂ ਪੰਜਾਬ ਵਿਚ ਢਾਡੀ ਖੜੋ ਕੇ ਸਿਖ ਇਤਿਹਾਸ ਸੰਗਤਾਂ ਨੂੰ ਸੁਣਾਂਉਦੇ ਹਨ, ਇੰਜ ਇਨ੍ਹਾਂ ਸਿਖ ਇਤਿਹਾਸ ਨੂੰ ਹਿੰਦੀ ਕਵਿਤਾ ਵਿਚ ਰਚ ਕੇ ਹਰਿਆਨੇ ਦੀਆਂ ਤਰਜ਼ਾਂ ਵਿਚ ਹਾਰਮੋਨੀਅਮ ਵਾਜੇ ਨਾਲ ਗਾ ਕੇ ਸੁਨਾਉਂਣਾ ਸ਼ੁਰੂ ਕੀਤਾ, ਜਿਸ ਵਿਚ ਪ੍ਰਚਾਰਕਾਂ ਨੂੰ ਬੜੀ ਸਫਲਤਾ ਪ੍ਰਾਪਤ ਹੋਈ ਅਤੇ ਵਡੇ ਵਡੇ ਦੀਵਾਨਾਂ, ਕਾਨਫ੍ਰੰਸਾਂ ਵਿਚ ਸੰਗਤਾਂ ਇਨ੍ਹਾਂ ਪ੍ਰਸੰਗਾਂ ਨੂੰ ਸੁਣਨ ਦੀ ਉਚੇਚੀ ਮੰਗ ਕਰਿਆ ਕਰਦੀਆਂ ਸਨ।

ਗਿਆਨੀ ਜੀ ਨੇ ਹਿੰਦੀ ਕਵਿਤਾ ਵਿਚ ਸਿਖ ਇਤਿਹਾਸ ਦੇ ਕਈ ਪ੍ਰਸੰਗ ਰਚੇ, ਜਿਨ੍ਹਾਂ ਵਿਚੋਂ (ਪੰਜਾਬ ਦੀ ਅਜਬ ਚੀਜ਼) ਬਹੁਤ ਮਸ਼ਹੂਰ ਹੋਇਆ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਚੋਂ ਗਿ: ਕਿਸ਼ਨ ਸਿੰਘ 'ਪ੍ਰਵਾਨਾ' ਗਿ: ਲਾਲ ਸਿੰਘ 'ਢਾਨਵੀਂ' ਗਿ: ਰਿਪੁਦਮਨ ਸਿੰਘ ਆਦਿਕ ਤਾਂ ਇਨ੍ਹਾਂ ਪ੍ਰਸੰਗਾ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ।

## ਯੂ. ਪੀ. ਵਿਚ ਕਾਨਫਰੰਸਾਂ

ਸੰਨ ੧੯੩੯ ਤੋਂ ੪੦ ਤਕ ਅਲੀਗੜ੍ਹ ਬੁਲੰਦ ਸ਼ਹਿਰ ਅਤੇ ਸੰਭਾਉਲੀ ਜ਼ਿਲਾ ਮੇਰਥ ਵਿਖੇ ਤਿੰਨ ਭਾਰੀ ਕਾਨਫ਼ਰੰਸਾਂ ਹੋਈਆਂ। ਇਨ੍ਹਾਂ ਮੌਕਿਆਂ ਤੇ ਯੂ. ਪੀ. ਵਿਚ ਵਸਦੇ ਪਛਾਂਦੇ ਜਟ, ਬਜਨਾਰੇ, ਸੈਨੀ ਅਤੇ ਹਰੀਜਨ ਜਾਤੀਆਂ ਦੇ ਨੇਤਾ ਭਾਰੀ ਗਿਣਤੀ ਵਿਚ ਪੁਜੇ। ਇਨ੍ਹਾਂ ਕਾਨਫਰੰਸਾਂ ਵਿਚ ਗਿਆਨੀ ਜੀ ਤੇ ਉਨ੍ਹਾਂ ਦੇ ਸ਼ਾਗਿਰਦਾਂ ਨੇ ਪ੍ਰਸੰਗ

(ਪੰਜਾਬ ਦੀ ਅਰਬ ਚੀਜ਼), ਜਿਸ ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਸਿੰਘਾਂ ਦਾ ਜੰਗ ਅਤੇ ਖੜਗ ਸਿੰਘ ਨਾਮ ਦੇ ਇਕ ਸਿੰਘ ਦੀ ਬਹਾਦਰੀ ਦਾ ਜ਼ਿਕਰ ਹੈ । ਦੂਜਾ ਪ੍ਰਸੰਗ (ਸੋਲਾਂ ਹਜ਼ਾਰ ਲੜਕੀਆਂ) ਜਿਨ੍ਹਾਂ ਨੂੰ ਫੜ ਕੇ ਅਬਦਾਲੀ ਗ਼ਜ਼ਨੀ ਦੇ ਬਾਜ਼ਾਰ ਵਿਚ ਟਕੇ-ਟਕੇ ਵੇਚਣ ਲਈ ਲੈ ਜਾ ਰਿਹਾ ਸੀ, ਸਿੰਘਾਂ ਨੇ ਉਸ ਤੇ ਅਚਾਨਕ ਹਮਲਾ ਕਰਕੇ ਛੁਡਾਇਆ ਅਤੇ ਉਨ੍ਹਾਂ ਦੁਖੀ ਬੱਚੀਆਂ ਨੂੰ ਉਨ੍ਹਾਂ ਦੇ ਘਰੋਂ-ਘਰੀਂ ਪੁਚਾਇਆ। ਇਨ੍ਹਾਂ ਪ੍ਰਸੰਗਾਂ ਦਾ ਲੋਕਾਂ ਤੇ ਐਸਾ ਪ੍ਰਭਾਵ ਪਿਆ ਕਿ ਹਜ਼ਾਰਾਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ।

ਗਿਆਨੀ ਹਰਦਿੱਤ ਸਿੰਘ ਜੀ ਤੇ ਗਿਆਨੀ ਬਾਦਲ ਸਿੰਘ ਜੀ ਨੂੰ ਯੂ. ਪੀ. ਵਿਚ ਪ੍ਰਚਾਰ ਕਰਦਿਆਂ ਦਸ ਬਾਰਾਂ ਸਾਲ ਹੋ ਗਏ ਸਨ । ੧੯੪੧ ਦੀ ਮਰਦੁਮ ਸ਼ੁਮਾਰੀ ਨੇੜੇ ਆ ਰਹੀ ਸੀ, ਉਸ ਦੀ ਤਿਆਰੀ ਲਈ ਜ਼ਿਲਾ ਮੇਰਠ, ਮੁਜ਼ੱਫਰ ਨਗਰ, ਸਹਾਰਨਪੁਰ, ਮੁਰਾਦਾਬਾਦ ਦੇ ਪਿੰਡਾ ਵਿਚ ਵਸਦੇ ਪਛਾਂਦੇ ਜੱਟਾਂ ਅਤੇ ਵਣਜਾਰਿਆਂ ਨੂੰ ਦਿਨ ਰਾਤ ਪ੍ਰਚਾਰ ਕਰ ਕੇ ਪ੍ਰੇਰ ਰਹੇ ਸਨ ਕਿ ਉਹ ਆਪਣੇ ਆਪ ਨੂੰ (ਨਾਨਕ ਪੰਥੀ) ਸਿਖ ਲਿਖਾਣ । ਇਸ ਪ੍ਰਚਾਰ ਦਾ ਅਸਰ ਇਹ ਹੋਇਆ ਕਿ (ਆਲ ਇੰਡੀਆ ਜੱਟ ਮਹਾ ਸਭਾ) ਦੇ ਮੁਖੀ ਪ੍ਰਧਾਨ ਰਾਓ ਸ਼ਿਵ ਧਿਆਨ ਸਿੰਘ ਜੀ ਰਈਸ ਪਸਾਵਾ, ਚੌ ਮਹਾਰਾਜ ਸਿੰਘ ਜੀ ਰਈਸ ਬਿਜਨੌਰ, ਚੌ: ਰਛਪਾਲ ਸਿੰਘ ਜੀ ਰਈਸ ਬੁਲੰਦ ਸ਼ਹਿਰ, ਚੌ, ਗਜੇਂਦਰ ਸਿੰਘ ਜੀ ਫੂਲਪੁਰ ਅਤੇ ਚੌ: ਦਰਿਆਓ ਸਿੰਘ ਜੀ ਲੰਬੀਆ ਜ਼ਿਲਾ ਮੁਰਾਦਾਬਾਦ ਆਦਿਕ ਨੇ ਵੱਡਾ ਇਸ਼ਤਿਹਾਰ ਆਪਣੇ ਦਸਤਖਤਾਂ ਹੇਠ ਕਢਿਆ ਕਿ ਜੱਟ ਜਾਤੀ ਦੀ ਕੇਵਲ ਸਿਖ ਧਰਮ ਦਵਾਰਾ ਹੀ ਕਲਿਆਨ ਹੋ ਸਕਦੀ ਹੈ ਸੋ, ਹਰ ਇਕ ਜੱਟ ਆਪਣੇ ਆਪ ਨੂੰ ਸਿਖ ਸਮਝੇ ਅਤੇ ਆਣ ਵਾਲੀ ੧੯੪੧ ਦੀ ਮਰਦੁਮ ਸ਼ੁਮਾਰੀ ਵਿਚ ਸਿਖ ਲਿਖਵਾਏ ਯੂ. ਪੀ. ਵਿਚੋਂ ਉਸ ਸਮੇਂ ਲਗ ਪਗ ਸਾਰੇ ਜੱਟਾਂ ਤੇ ਵਣਜਾਰਿਆਂ ਨੇ ਆਪਣੇ ਆਪ ਨੂੰ ਸਿਖ ਲਿਖਵਾ ਲਿਆ, ਲਗ ਪਗ 22 ਹਜ਼ਾਰ ਬੰਦਿਆਂ ਨੇ ਆਪਣੇ ਆਪ ਨੂੰ ਸਿਖ ਲਿਖਵਾ ਲਿਆ ।

## ਗੁਰਮਤਿ ਵਿਦਿਆਲੇ ਦੀ ਸੇਵਾ

ਜਿਲਾ ਬਿਜਨੌਰ, ਮੁਰਾਦਾਬਾਦ, ਮੇਰਠ ਅਤੇ ਸਹਾਰਨਪੁਰ ਵਿਚ ਦੋ ਤਿੰਨ ਸਾਲ ਲਗਾਤਾਰ ਪ੍ਰਚਾਰ ਕਰਨ ਤੋਂ ਬਾਦ ਗਿਆਨੀ ਹਰਦਿੱਤ ਸਿੰਘ ਜੀ ਇਸ ਸਿੱਟੇ ਤੇ ਪੁੱਜੇ ਕਿ ਯੂ. ਪੀ. ਦੇ ਬੱਚਿਆਂ ਨੂੰ ਸਿੰਘ ਸਜਾ ਕੇ ਕੀਰਤਨ, ਕਥਾ (ਲੈਕਚਰ) ਦੀ ਸਿਖਿਆ ਦਿਤੀ ਜਾਵੇ ਤੇ ਇਨ੍ਹਾਂ ਤੋਂ ਹੀ ਇਸ ਪ੍ਰਾਂਤ ਵਿਚ ਪ੍ਰਚਾਰ ਕਰਵਾਇਆ ਜਾਵੇ । ਇੰਜ ਸਿੰਘਾਂ ਦੀ ਗਿਣਤੀ ਵੀ ਵਧੇਗੀ ਤੇ ਸਿਖ ਪ੍ਰਚਾਰਕਾਂ ਦੀ ਜੋ ਘਾਟ ਹੈ, ਉਹ ਵੀ ਪੂਰੀ ਹੋ ਜਾਵੇਗੀ । ਇਹ ਸਕੀਮ ਉਨ੍ਹਾਂ ਸਰਦਾਰ ਬਹਾਦਰ ਜ਼ੀ ਨੂੰ ਦਸੀ, ਜਿਸ ਨੂੰ ਉਨ੍ਹਾਂ ਬਹੁਤ ਪਸੰਦ ਕੀਤਾ ਤੇ ੨ ਫਰਵਰੀ ਸੰਨ ੧੯੩੦ ਵਿਚ ਸ: ਬ: ਸ. ਧਰਮ ਸਿੰਘ ਜੀ ਨੇ ਗੁ: ਸ੍ਰੀ

ਰਕਾਬ ਗੰਜ ਸਾਹਿਬ ਵਿਖੇ ਗੁਰਮਤਿ ਵਿਦਿਆਨਾ ਨਾਮ ਦਾ ਆਸ਼੍ਰਮ ਜਾਰੀ ਕੀਤਾ ਅਤੇ ਗਿਆਨੀ ਹਰਦਿੱਤ ਸਿੰਘ ਜੀ ਇਸ ਵਿਦਿਆਲੇ ਦੇ ਇੰਚਾਰਜ ਬਣੇ। ਸ਼ੁਰੂ ਵਿਚ ਜ਼ਿਲਾ ਮੁਰਾਦਾਬਾਦ ਦੇ ਪਿੰਡ ਖੰਡ ਸਾਲ ਕਲਾਂ ਤੇ ਸਰਕੜਾ ਕਮਾਲ ਜਿਥੇ ਆਪ ਕਈ ਸਾਲ ਤੋਂ ਗੁਰਮਤ ਦਾ ਪ੍ਰਚਾਰ ਕਰ ਰਹੇ ਸਨ, ੭-੮ ਵਿਦਿਆਰਥੀ ਲਿਆਏ ਅਤੇ ਉਨ੍ਹਾਂ ਬਚਿਆਂ ਨੂੰ ਕੀਰਤਨ ਸਿਖਾਣਾ ਸ਼ੁਰੂ ਕਰ ਦਿਤਾ। ਇਉਂ ਯੂ. ਪੀ. ਵਿਚ ਸਿੱਖੀ ਪ੍ਰਚਾਰ ਨੂੰ ਪੱਕਿਆਂ ਕਰਨ ਦਾ ਮੁੱਢ ਬੱਝਾ। ਦੋ ਸਾਲ ਵਿਚ ਇਹ ਬੱਚੇ ਚੰਗਾ ਕੀਰਤਨ ਕਰਨਾ ਸਿਖ ਗਏ। ਉਸ ਸਮੇਂ ਗੁਰਦੁਆਰਾ ਸੀਸ ਗੰਜ, ਗੁ: ਬੰਗਲਾ ਸਾਹਿਬ, ਰਕਾਬ ਗੰਜ, ਮਾਤਾ ਸੁੰਦਰੀ ਕਿਸੇ ਗੁਰਦੁਆਰੇ ਵੀ ਕੀਰਤਨ ਨਹੀ ਸੀ ਹੁੰਦਾ। ਗਿਆਨੀ ਜੀ ਨੇ ਇਨ੍ਹਾਂ ਵਿਦਿਆਰਥੀਆਂ ਤੋਂ ਰੋਜ਼ਾਨਾ ਗੁ: ਸੀਸ ਗੰਜ ਸਾਹਿਬ ਵਿਖੇ ਸ੍ਰੀ ਆਸਾ ਦੀ ਵਾਰ ਦਾ ਅਰੰਭ ਕਰਵਾਦਿਆ। ਬਾਦ ਵਿਚ ਗੁ: ਬੰਗਲਾ ਸਾਹਿਬ, ਰਕਾਬ ਗੰਜ ਅਤੇ ਹਰ ਐਤਵਾਰ ਗੁ: ਮਾਤਾ ਸੁੰਦਰੀ ਵੀ ਇਸ ਆਸ਼ਰਮ ਦੇ ਬੱਚੇ ਕੀਰਤਨ ਕਰਨ ਲਈ ਜਾਂਦੇ ਰਹੇ। 1932-33 ਤਕ ਇਸ ਗੁਰਮਤਿ ਵਿਦਿਆਲੇ ਕੀਰਤਨ ਸਿਖਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਵਧ ਕੇ 70-80 ਤਕ ਅਪੜ ਗਈ। ਜਿਹੜੇ ਵਿਦਿਆਰਥੀ ਸ਼ੁਰੂ ਵਿਚ ਕੀਰਤਨ ਸਿਖਣ ਆਏ ਸੀ, ਉਨ੍ਹਾਂ ਨੂੰ ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ ਨੇ ਮੁਲਾਜ਼ਮ ਰੱਖ ਲਿਆ ਤੇ ਉਨ੍ਹਾਂ ਨੂੰ ਪ੍ਰੋਗਰਾਮ ਅਨੁਸਾਰ ਮੇਰਠ, ਮੁਰਾਦਾਬਾਦ, ਬਿਜਨੌਰ, ਸਹਾਰਨ-ਪੁਰ, ਗੁੜਗਾਵਾਂ, ਮਥਰਾ, ਆਗਰਾ ਆਦਿਕ ਜ਼ਿਲਿਆਂ ਵਿਚ ਸਿੱਖੀ ਪ੍ਰਚਾਰ ਕਰਨ ਲਈ ਭੇਜਦੇ ਰਹੇ।

## ਕੀਰਤਨ ਸਿਖਣ ਦਾ ਨਵਾਂ ਢੰਗ

ਪਹਿਲੇ ਵਕਤਾਂ ਵਿਚ ਵਿਦਿਆਰਥੀਆਂ ਨੂੰ ਤੰਤੀ ਸਾਜ਼ਾ ਨਾਲ ਕੀਰਤਨ ਸਿਖਾਇਆ ਜਾਂਦਾ ਸੀ। ੮-੯ ਸਾਲ ਲਗਾਤਾਰ ਸਿਖਣ ਤੇ ਅਭਿਆਸ ਕਰ ਕੇ ਹੀ ਕੋਈ ਚੰਗਾ ਰਾਗੀ ਬਣਦਾ ਸੀ। ਹਾਰਮੋਨੀਅਮ ਜੋ ਇਕ ਵਿਦੇਸ਼ੀ ਵਾਜਾ ਹੈ, ਇਸ ਦੇ ਹਿੰਦੁਸਤਾਨ ਵਿਚ ਆਉਣ ਨਾਲ ਕੀਰਤਨ ਸਿਖਣਾ ਕੁਝ ਆਸਾਨ ਹੋ ਗਿਆ, ਪਰ ਤਾਂ ਵੀ ਉਸਤਾਦ ਉਂਗਲਾਂ ਨਾਲ ਵਾਜਾ ਵਜਾ ਕੇ ਹੀ ਸਿਖਾਉਂਦੇ ਸਨ, ਇੰਜ ਬਹੁਤ ਸਿਰ ਖਪਾਈ ਕਰਨ ਤੋਂ ਬਾਦ ਭੀ ਵਿਦਿਆਰਥੀ ਕਈ ਵਾਰ ਸ਼ਬਦ ਰੀਤਾਂ ਭੁਲ ਭੁਲਾ ਜਾਂਦੇ ਸਨ।

ਪੰਡਤ ਵਿਸ਼ਨੂ ਨਾਰਾਇਣ ਭਾਤ ਖੰਡੇ ਅਤੇ ਪੰਡਤ ਵਿਸ਼ਨੂ ਦਿਗੰਬਰ ਨੇ ਰਾਗ ਸਿਖਾਉਣ ਦਾ ਇਕ ਨਵਾਂ ਤਰੀਕਾ ਅਪਣਾਇਆ, ਉਹ ਸੀ ਕਿ ਰਾਗ-ਤਾਲ ਵਿਚ ਜੋ ਭਜਨ ਗਾਇਆ ਜਾਂਦਾ, ਉਸ ਨੂੰ ਸੁਰ-ਲਿਪੀ ਵਿਚ (ਨੋਟੇਸ਼ਨ) ਕਰ ਲੈਣਾ ਤੇ ਉਸ ਅਨੁਸਾਰ ਵਿਦਿਆਰਥੀਆਂ ਨੂੰ ਸਿਖਾਉਣਾ। ਇੰਜ ਉਸਤਾਦ ਸ਼ਾਗਿਰਦਾਂ ਨੂੰ ਸੰਗੀਤ ਸਿਖਣ ਸਿਖਉਣ ਵਿਚ ਬੜੀ ਮਦਦ ਮਿਲਦੀ ਹੈ ਸੰ ੧੯੪੨ ਵਿਚ ਗਿਆਨੀ ਜੀ ਨੇ ਨੇ ਵੀ ਆਪਣੇ ਵਿਦਿਆਰਥੀਆਂ ਨੂੰ ਕੀਰਤਨ ਸੁਰ-ਲਿਪੀ ਦੇ ਢੰਗ ਨਾਲ ਸਿਖਾਉਣਾ

ਸ਼ੁਰੂ ਕੀਤਾ । ਉਹ ਵਿਦਿਆਰਥੀਆਂ ਦੀਆਂ ਕਾਪੀਆਂ ਤੇ ਸ਼ਬਦ ਰੀਤ (ਤਰਜ਼) ਨੂੰ ਸੁਰ ਲਿਪੀ ਦਿੰਦੇ ਅਤੇ ਵਿਦਿਆਰਥੀ ਨੇ ਲਿਖੇ ਅਨੁਸਾਰ ਸ਼ਬਦ ਕੰਠ ਕਰ ਕੇ ਅਗੋਂ ਹੋਰ ਸ਼ਬਦ ਸੰਥੀਆ ਲੇ ਲੈਣੀ । ਸੰਨ ੧੯੬੦ ਤਕ ਗਿਆਨੀ ਜੀ ਪਾਸ ਸੈਂਕੜੇ ਰਾਗਾਂ ਵਿਚ ਪੰਜ ਸੌ ਸ਼ਬਦ ਰੀਤਾਂ (ਟਿਯੂਨਾ) ਲਿਖਤ ਰੂਪ ਵਿਚ ਇਕੱਠੀਆਂ ਹੋ ਗਈਆਂ ਸਨ, ਜਿਨ੍ਹਾਂ ਨੂੰ ਉਹ ਛਪਾਉਣ ਦਾ ਬਿਚਾਰ ਬਣਾ ਰਹੇ ਸਨ, ਪਰ ਇਹ ਸੰਕਲਪ ਉਨ੍ਹਾਂ ਦਾ ਪੂਰਾ ਨਾ ਹੋ ਸਕਿਆ । ਆਪਨੇ ਵਿਦਿਆਰਥੀਆਂ ਨੂੰ "ਮਨ ਕੀ ਮਨ ਹੀ ਮ ਹਿ ਰਹੀ" ਸ਼ਬਦ ਰੀਤ ਸਿਖਾ ਕੇ ਕਿਹਾ ਕਿ ਮੇਰੇ ਤੋਂ ਬਾਦ ਤੁਸੀਂ ਇਹ ਸ਼ਬਦ ਜ਼ਰੂਰ ਪੜਨਾ ।

ਗੁਰਮਤਿ ਵਿਦਿਆਲੇ ਦੇ ਅਰੰਭ ਵਿਚ ਗਿ: ਹਰਦਿੱਤ ਸਿੰਘ ਜੀ ਦੇ ਨਾਲ ਪਹਿਲਾਂ ਆਪ ਦੇ ਛੋਟੇ ਵੀਰ ਗਿ. ਜੋਧ ਸਿੰਘ ਮਸਤਾਨਾ, ਜੋ ਸੰਗੀਤ ਵਿਦਿਆ ਵਿਚ ਨਿਪੁਨ ਸਨ, ਲਗ ਭਗ ਤਿੰਨ ਸਾਲ ਵਿਦਿਆਰਥੀਆਂ ਨੂੰ ਕੀਰਤਨ ਸਿਖਾਉਣ ਦਾ ਕੰਮ ਕਰਦੇ ਰਹੇ, ਤਰ ਉਹ ਇਥੋਂ ਇਹ ਸੇਵਾ ਛਡ ਕੇ ਮਲੇਸ਼ੀਆ ਚਲੇ ਗਏ । ਉਨ੍ਹਾਂ ਤੋਂ ਬਾਦ ਆਪ ਦੇ ਪੁਰਾਣੇ ਸਾਥੀ ਤੇ ਵੀਰ ਗਿ: ਹਰਨਾਮ ਸਿੰਘ 'ਬਲੱਭ' ਬਚਿਆਂ ਨੂੰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਸੂਰਜ ਪ੍ਰਕਾਸ਼ ਦੀ ਕਥਾ ਤੇ ਸਿੱਖ ਇਤਿਹਾਸ ਪੜਾਉਣ ਲਈ ਨਿਯੁਕਤ ਹੋਏ । ਬਲੱਭ ਜੀ ਗਿ: ਹਰਦਿੱਤ ਸਿੰਘ ਜੀ ਨਾਲ ਲਗ ਭਗ ਵੀਹ ਸਾਲ ਤਕ ਬੜੇ ਪ੍ਰੇਮ ਨਾਲ ਸੇਵਾ ਕਰਦੇ ਰਹੇ, ਪਰ ਆਪ ਜੀ ਨੇ ਵੀ ਸੰਨ ੧੯੫੨ ਵਿਚ ਅਸਤੀਫਾ ਦੇ ਦਿਤਾ ਅਤੇ ਕੁਝ ਸਾਲ ਬਾਦ (ਮਲੇਸ਼ੀਆ) ਪੀਨਾਂਗ ਜਾ ਕੇ ਹੈਡ ਗਰੰਥੀ ਲਗ ਗਏ । ਸੰਨ ੧੯੫੨ ਤੋਂ ਬਾਦ ਗਿਆਨੀ ਜੀ ਕੱਲੇ ਹੀ ਵਿਦਿਆਰਥੀਆਂ ਨੂੰ ਗੁਰਬਾਣੀ ਪਾਠ ਤੇ ਕੀਰਤਨ ਦੀ ਇਸ ਮਹਾਨ ਸੇਵਾ ਨੂੰ ਉਸ ਲਗਨ ਤੇ ਮਿਹਨਤ ਨਾਲ ਪੜ੍ਹਉਂਦੇ ਸਿਖਾਉਂਦੇ ਰਹੇ । ਸੰਨ ੧੯੬੦ ਤੋਂ ਬਾਅਦ ਗਿਆਨੀ ਜੀ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ ਤੇ ਉਹ ਆਪਣੇ ਥਾਂ ਕਿਸੇ ਯੋਗ ਵਿਦਿਆਰਥੀਆਂ ਨੂੰ ਗੁਰਮਤਿ ਵਿਦਿਆਲੇ ਦੀ ਸੇਵਾ ਸੌਂਪਣਾ ਚਾਹੁੰਦੇ ਸਨ, ਕੁਝ ਸਮੇਂ ਤਕ ਗਿ: ਕਿਸ਼ਨ ਸਿੰਘ ਪ੍ਰਵਾਨਾ, ਵਿਦਿਆਰਥੀਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਰਹੇ, ਪਰ ਉਹ ਕਿਸੇ ਕਾਰਣ ਕਰਕੇ ਅਗੋਂ ਸੇਵਾ ਨਾ ਕਰ ਸਕੇ ।

## ਸਮਾਜਿਕ

ਫਰਵਰੀ 1924 ਨੂੰ ਜਦ ਜੈਤੋ ਗੰਗਸਰ ਦਾ ਮੋਰਚਾ ਲਗਾ ਤਾਂ ਸਿੰਘਾਂ ਦੀ ਦੇਖ ਭਾਲ ਲਈ ਆਪ ਜੀ ਨੂੰ ਪੰਜਾ ਸਾਹਿਬ ਜੇਲ ਦਾ ਵਾਰਡਨ ਨਿਯੁਕਤ ਕੀਤਾ ਗਿਆ । ਇਹ ਮੋਰਚਾ 40,000 ਸਿੰਘਾਂ ਸਮੇਤ 1925 ਨੂੰ ਫਤਰ ਹੋ ਗਿਆ ।

ਗਿਆਨੀ ਜੀ ਕਈ ਸਾਲ ਤਕ ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ ਆਨਰੇਰੀ ਪ੍ਰਚਾਰ ਸੇਵਾ ਕਰਦੇ ਰਹੇ ।

ਨਿਯੂ ਦਿਲੀ ਮਿਯੂੰਸੀਪਲ ਕਮੇਟੀ ਦੇ ਪ੍ਰੇਜ਼ੀਡੈਂਟ ਸ: ਮੋਹਨ ਸਿੰਘ ਜੀ (ਕੋਕਾ-ਕੋਲਾ) ਦੇ ਸਦੇ ਤੇ ਆਪ ਜੀ ਨੇ ਭਾਰਤ ਦੇ ਪ੍ਰਧਾਨ ਮੰਡੀ ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਜੀ ਨੂੰ ਨਹਿਰੂ ਗਾਰਡਨ ਦਾ 25 ਫਰਵਰੀ 1965 ਨੀਂਹ ਪਥ਼ਰ ਰੱਖਣ ਵੇਲੇ ਸਿਰੋਪਾ ਪ੍ਰਧਾਨ ਕੀਤਾ।

ਸੰਤ ਬਾਬਾ ਅਤਰ ਸਿੰਘ ਜੀ, ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਭਾਈ ਰਣਧੀਰ ਸਿੰਘ, ਅਕਾਲੀ ਕੌਰ ਸਿੰਘ ਜੀ ਨਾਲ ਆਪ ਜੀ ਦੀ ਚੰਗੀ ਸਾਂਝ ਸੀ ਅਕਾਲੀ ਜੀ ਜਦ ਵੀ ਦਿਲੀ ਆਉਂਦੇ ਸਨ ਗਿਆਨੀ ਜੀ ਪਾਸ ਹੀ ਠਹਿਰਦੇ ਸਨ।

## ਪਰਉਪਕਾਰ

1947 ਵਿਚ ਪਾਕਿਸਤਾਨ ਹਿੰਦੂਸਤਾਨ ਦੀ ਵੰਡ ਹੋਈ ਅਤੇ ਲੱਖਾਂ ਦੀ ਗਿਣਤੀ ਵਿਚ ਲੋਕੀ ਉਜੜ ਕੇ ਆਏ ਤਾਂ ਗਿਆਨੀ ਜੀ ਨੇ ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕੀਤੀ। ਕਈ ਪ੍ਰਵਾਰਾ ਦੇ ਬੱਚਿਆਂ ਨੂੰ ਵਜੀਫੇ ਦਿਵਾਏ, ਕੁਝ ਨੂੰ ਵਿਦਿਆਲੇ ਵਿਚ ਦਾਖਲ ਕਰਕੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਯੋਗ ਬਣਾਇਆ।

## ਗਿਆਨੀ ਜੀ ਦੇ ਬਣਵਾਏ ਗੁਰਦੁਆਰੇ

੧. ਜ਼ਿਲਾ ਮੁਰਾਦਾਬਾਦ ਵਿਖੇ ਅਠਾਰਾਂ ਡੇਰੇ ਉਦਾਸੀ ਸਾਧਾਂ ਦੇ ਸਨ, ਜੋ ਪਛਾਂਦੇ ਜੱਟਾਂ ਦੇ ਪਿੰਡਾਂ ਵਿਚ ਸਿਖੀ ਪ੍ਰਚਾਰ ਕਰਦੇ ਰਹਿੰਦੇ ਸਨ। ਹੌਲੀ ਹੌਲੀ ਇਹ ਡੇਰੇ ਘਟ ਹੁੰਦੇ ਗਏ ਇਨ੍ਹਾਂ ਵਿਚੋਂ ਹੀ ਇਕ ਡੇਰਾ ਪਿੰਡ ਸਰਕੜਾ ਕਮਾਲ ਵਿਚ ਸੀ, ਇਥੋਂ ਦਾ ਸਾਧੂ ਕੁਝ ਕੁਰੀਤੀਆ ਕਰ ਕੇ ਡੇਰਾ ਛੱਡ ਗਿਆ। ਸੰਨ 19੨੫ ਵਿਚ ਗਿਆਨੀ ਜੀ ਨੇ ਉਥੇ ਇਕ ਗੁਰਦਆਰਾ ਬਣਵਾਇਆ ਅਤੇ ਬਾਦ ਵਿਚ ਉਸ ਡੇਰੇ ਦੀ ਜਾਇਦਾਦ ਨੂੰ ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ ਦਿਲੀ ਨਾਮ ਕਰਵਾ ਦਿਤਾ। ਇਥੇ ਹਰ ਸਾਲ ਚੇਤਰ ਦੀ ਪੰਚਮੀ ਨੂੰ ਬੜਾ ਭਾਰੀ ਦੀਵਾਨ ਲਗਦਾ ਹੈ।

2. ਜ਼ਿਲਾ ਮੁਰਾਦਾਬਾਦ ਪਿੰਡ ਖੰਡ ਸਾਲ-ਵਿਚ ਪ੍ਰਚਾਰ ਕਰ ਕੇ ਇਕ ਕੱਚਾ ਗੁਰਦੁਆਰਾ ਬਣਵਾਇਆ, ਇੱਥੇ ਜੱਟਾ ਵਿਚੋਂ ਬੜ ਬੜੇ ਸੂਰਬੀਰ ਸਿੰਘ ਸਜੇ, ਜੂਨ ੧੯੩੧ ਵਿਚ ਇਥੇ ਸਭ ਤੋ ਪਹਿਲ ਬੜਾ ਭਾਰੀ ਦੀਵਾਨ ਹੋਇਆ ਤੇ ਉਸ ਬਹੁਤ ਸਾਰੇ ਪ੍ਰਾਣੀਆਂ ਨੇ ਅੰਮ੍ਰਿਤ ਛੱਕਿਆ। ਸੰਨ ੧੯੬੦ ਵਿਚ ਗਿਆਨੀ ਜੀ ਨੇ ਇਸ ਗੁਰਦੁਆਰੇ ਦੀ ਬਹੁਤ ਸੁੰਦਰ ਇਮਾਰਤ ਬਣਵਾਈ ਜੋ ਦੇਖਣ ਲਾਇਕ ਹੈ, ਇਸ ਦਾ ਨਿਸ਼ਾਨ ਸਾਹਿਬ ਕਈ ਮੀਲਾਂ ਤੋਂ ਦਿਖਾਈ ਦਿੰਦਾ ਹੈ, ਇਥੇ ਦੀਵਾਲੀ ਅਤੇ ਸਲਾਨਾ ਦੀਵਾਨ ਦੋਵੇਂ ਬੜੀ ਧੂਮ-ਧਾਮ ਮਨਾਏ ਜਾਂਦੇ ਹਨ।

੩. ਜ਼ਿਲਾ ਮੁਰਾਦਾਬਾਦ, ਜੋਆ-ਇਹ ਚੌਰਾਹਾ ਹੈ ਇਥੋਂ ਦਿਲੀ ਮੁਰਾਦਾਬਾਦ ਅਤੇ ਬਿਜਨੌਰ ਨੂੰ ਸੜਕਾਂ ਜਾਂਦੀਆਂ ਹਨ। ਦਿਲੀ-ਮੁਰਾਦਾਬਾਦ ਮੇਨ ਰੋਡ ਅਤੇ ਬਸ-ਅੱਡਾ ਹੋਣ ਕਰਕੇ ਇਥੇ ਇਕ ਸੁੰਦਰ ਬਾਜ਼ਾਰ ਬਣ ਗਿਆ ਹੈ ਗਿਆਨੀ ਜੀ ਦੇ ਵਿਦਿਆਰਥੀ ਭਾਈ ਹਰਚਰਨ ਸਿੰਘ ਜੀ, ਭਾਈ ਦਲਜੀਤ ਸਿੰਘ ਜੀ ਅਤੇ ਗਿ: ਸਅਗ ਸਿੰਘ ਜੀ ਵੀ ਇਥੇ ਰਹਿੰਦੇ ਤੇ ਆਪਣਾ ਕਾਰੋਬਾਰ ਕਰਦੇ ਹਨ, ਇਸਦੇ ਚਾਰੋ ਪਾਸੇ ਪੰਜਾਬੀ ਜੱਟਾਂ ਦੀ ਸੰਘਣੀ ਵਸੋਂ ਹੈ। ਹਰ ਐਤਵਾਰ ਨੂੰ ਇਥੇ ਬਜ਼ਾਰ ਭਰਦਾ ਹੈ, ਇਸ ਥਾਂ ਨੂੰ ਸਿੱਖੀ ਦਾ ਚੰਗਾ ਕੇਂਦਰ ਜਾਣ ਕੇ ਅਤੇ ਆਪਣੇ ਤਿੰਨ ਚਾਰ ਚੰਗੇ ਵਿਦਿਆਰਥੀਆਂ ਦੀ ਰਿਹਾਇਸ਼ ਹੋਣ ਕਰਕੇ ਇਥੇ ਭੀ ਜਗ੍ਹਾ ਮੁੱਲ ਲੈ ਕੇ ਗਿਆਨੀ ਜੀ ਨੇ ਗੁਰਦੁਆਰਾ ਕਾਇਮ ਕੀਤਾ, ਜਿਥੇ ਹੁਣ ਬੜੀ ਸੁੰਦਰ ਇਮਾਰਤ ਬਣ ਰਹੀ ਹੈ।

੪. ਨਗਲੀਆਂ, ਮਦੀਪੁਰ, ਫਤਹਪੁਰ ਛੀਤਰਾ ਇਤਿਆਦਿ ਪਿੰਡਾਂ ਵਿਚ ਗੁਰਦੁਆ-ਰਿਆ ਲਈ ਥਾਵਾਂ ਖਰੀਦ ਲਈਆਂ ਸਨ. ਜਿਥੇ ਹੁਣ ਗੁਰਦੁਆਰੇ ਬਣ ਰਹੇ ਹਨ।

## ਨਿਸ਼ਕਾਮਤਾ

ਆਪ ੧੯੩੦ ਭਿਚ 22/–ਰੁਪਏ ਮਹੀਨੇ ਤਨਖਾਹ ਤੇ ਗੁਰਮਤਿ ਵਿਦਿਆਲੇ ਦੇ ਮੁਖ ਅਧਿਆਪਕ ਨੀਯਤ ਹੋਏ। ਅਤੇ 1967 ਤਕ 37 ਸਾਲ ਸੇਵਾ ਨਿਭਾਦੇ ਰਹੇ। ਆਪ ਜੀ ਦੀ ਅਖਰੀਲੀ ਤਨਖਾਹ 360/- ਰੁਪਏ ਸੀ।

## ਸਦੀਵੀ ਵਿਛੋੜਾ

ਸਤਿਕਾਰ ਯੋਗ ਗਿਆਨੀ ਹਰਦਿੱਤ ਸਿੰਘ ਜੀ 18 ਜ਼ਨਵਰੀ 1967 ਦੀ ਸਵੇਰ ਨੂੰ ਮਧ ਪ੍ਰਦੇਸ਼ ਦੇ ਐਸ. ਪੀ. ਸਰਦਾਰ ਅਮਰ ਸਿੰਘ ਦੀ ਕੋਠੀ ਤੇ ਉਨਾਂ ਦੀ ਲੜਕੀ ਦਾ ਅਨੰਦ ਕਾਰਜ ਕਰਾਉਣ ਲਈ ਗਏ ਸੀ। ਅਰਦਾਸਾ ਕਰਕੇ ਜਦੋਂ ਗੁਰੂ ਮਹਾਰਾਂਜ ਦੇ ਤਾਬਿਆਂ ਬੈਠੇ ਹੁਕਮ ਲੈ ਰਹੇ ਸਨ ਤਾਂ, ਰੱਬ ਵਲੋਂ ਸਦੀਵ ਹੁਕਮ ਆ ਗਿਆ ਤੇ ਉਥੇ ਹੀ ਬੇਸੁੱਧ ਹੋ ਗਏ। ਉਸੇ ਵਕਤ ਆਪ ਜੀ ਨੂੰ ਵਲਿੰਗਡਨ ਹਸਪਤਾਲ ਲੈ ਜਾਇਆ ਗਿਆ। ਡਾਕਟਰਾਂ ਨੇ ਜਾਂਚ ਕਰ ਕੇ ਦਸਿਆ ਕਿ ਇਨ੍ਹਾਂ ਦੇ ਦਿਮਾਗ ਦੀ ਨਾੜ ਫਟ ਗਈ ਹੈ ਅਤੇ ਬਚਣ ਦੀ ਕੋਈ ਆਸ ਨਹੀਂ। ਗਿਆਨੀ ਜੀ ਦਸ ਦਿਨਾਂ ਤਕ ਬੇ-ਸੁੱਧ ਰਹੇ। ਅਖੀਰ ਉਹ ਅਸ਼ੁਭ ਘੜੀ ਆਈ ਜਦੋਂ 24 ਜਨਵਰੀ ਸੰਨ 1967 ਨੂੰ ਗਿਆਨੀ ਜੀ ਅਸਾਂ ਸਾਰਿਆ ਤੋਂ ਹਮੇਸ਼ਾ ਲਈ ਵਿਦਾ ਹੋ ਗਏ।

''ਸਫਲ ਸਫ਼ਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥''

# ਸਵੱਯਾ ਨੰ. ੧

**ਪੰਗਤੀ : ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀਕੇ ॥**

**ਅਰਥ :** ਜੈਨੀ ਅਤੇ ਬੁੱਧ ਧਰਮ ਦੇ ਸਾਧੂ, ਪੁੱਗੇ ਹੋਏ ਜੋਗੀਆਂ ਦੇ ਜੱਥੇ. ਜੋਗੀਆਂ ਬ੍ਰਹਮਚਾਰੀਆਂ ਦੇ ਡੇਰੇ ਮੈਂ ਸਭ ਵੇਖੇ ਹਨ ।

**ਪੰਗਤੀ : ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀਕੇ ॥**

**ਅਰਥ :** ਸੂਰਮੇ ਦੈਤ ਅਤੇ ਪਵਿਤ੍ਰ ਅੰਮ੍ਰਿਤ ਪੀਣ ਵਾਲੇ ਦੇਵਤੇ ਹੋਰ ਕਈਆਂ ਮਤਾਂ ਦੇ ਸੰਤਾਂ ਦੇ ਟੋਲੇ ਅਰਥਾਤ ਜੱਥ ਵੀ ਵੇਖੇ ਹਨ ।

**ਪੰਗਤੀ : ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨ ਪਤੀਕੇ ॥**

**ਅਰਥ :** ਅਸਾਂ ਸਾਰੇ ਹੀ ਦੇਸ ਦੇ ਧਰਮਾਂ ਨੂੰ ਵੇਖਿਆ ਹੈ। ਕੋਈ ਭੀ ਧਰਮ-ਮਤ ਇਸ ਜਿੰਦੜੀ ਦੇ ਮਾਲਕ-ਪ੍ਰਮਾਤਮਾ ਦਾ ਨਹੀਂ ਦਿਸਦਾ । ਸਾਰੇ ਹੀ ਆਪਣੀ-ਆਪਣੀ ਆਖ ਰਹੇ ਹਨ । ਦਸਮ ਪਾਤਸ਼ਾਹ ਦਾ ਫਰਮਾਨ ਹੈ "ਸਭ ਅਪਨੀ ਅਪਨੀ ਉਰਝਾਨਾ ਪਾਰ ਬ੍ਰਹਮ ਕਿਨਹੂ ਨ ਪਛਾਨਾ" ਪਾਰਬ੍ਰਹਮ ਦੀ ਗਲ ਕੋਈ ਨਹੀਂ ਕਰਦਾ ।

**ਪੰਗਤੀ : ਸ੍ਰੀ ਭਗਵਾਨ ਕੀ ਭਾਇ ਕ੍ਰਿਪਾਹੂ ਤੇ ਏਕ ਰਤੀ ਬਿਨੁ ਏਕ ਰਤੀਕੇ ।੧।**

**ਅਰਥ :** ਮੇਰੇ ਕਲਗੀਧਰ ਪਾਤਸ਼ਾਹ ਦਾ ਫੈਸਲਾ ਸੁਣੋ । ਜੇਕਰ ਵਾਹਿਗੁਰੂ ਦੇ ਪਿਆਰ ਤੋਂ ਖਾਲੀ ਹੈ ਮੇਰੇ ਰੱਬ ਦੀ ਮੇਹਰ ਨਹੀਂ ਹੋਈ ਤਾਂ ਇਨ੍ਹਾਂ ਸਭ ਮਤ-ਮਤਾਂਤਰਾਂ ਦਾ ਮੁੱਲ ਇਕ ਰੱਤੀ ਜਿਤਨੀ ਹੀ ਸਮਝੋ ।

# ਰਾਗ ਮਾਰਵਾ

**ਰਾਗ ਮਾਰਵਾ** ਮਾਰਵਾ ਠਾਠ ਤੋਂ ਪੈਦਾ ਹੁੰਦਾ ਹੈ ਅਤੇ ਸ਼ਾੜਵ ਜਾਤੀ ਦਾ ਹੈ। ਪੰਚਮ-ਸੁਰ ਵਰਜਿਤ ਹੈ, ਮਾ-ਤੀਬਰ ਹੈ ਅਤੇ ਰੇ ਕੋਮਲ ਹੈ। ਬਾਕੀ ਸ਼ੁਧ ਸੁਰ ਹਨ। ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਸ਼ਾਮ ਨੂੰ ਹੈ। ਵਾਦੀ ਸੁਰ ਗੰਧਾਰ ਨੂੰ ਯਾ ਸਾ ਨੂੰ ਮੰਨਣਾ ਜ਼ਰੂਰੀ ਹੈ।

ਆਰੋਹ-ਅਵਰੋਹ : ਸ ਰੇ਼ ਗ ਮੇ ਭ ਨੀ **ਸਾਂ** / ਸਾਂ ਨੀ ਧ ਮੇ ਗ ਰੇ਼ ਸ

ਸ਼ਬਦ ਰੀਤ ਤਿੰਨ ਤਾਲ ਮਾਤ੍ਰੇ 16 ਚਾਰ ਚਾਰ ਮਾਤ੍ਰਾ ਦੇ ਚਾਰ ਭਾਗ

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਂ | — | ਸਂ | ਸਂ | ਨ਼ੀਧ | ਨ਼ੀ | ਧ | ਮੇ | ਗ | — | ਗ | ਮੇ | ਗ | ਰੇ਼ | ਸ | — |
| ਏ | S | ਕ | ਰ | ਤੀS | S | ਬਿ | ਨੁ | ਏ | S | ਕ | ਰ | ਤੀ | S | ਕੇ | S |
| 0 | | | | 3 | | | | X | | | | 2 | | | |
| ਨ਼ੀ | ਸ | ਧ਼ | ਨ | ਸ | ਰੇ਼ | ਸ | ਸ | ਗ | ਗ | ਗ | ਮੇ | ਗ | ਰੇ਼ | ਸ | ਸ |
| ਸ੍ਰੀ | S | ਭ | ਗ | ਵਾ | S | ਨ | ਕੀ | ਭਾ | ਇ | ਕਿ | ਰ | ਪਾ | S | ਹੂ | ਤੇ |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | — | ਗ | ਗ | ਮੇ | ਮੇ | ਧ | — | ਸਂ | ਸਂ | ਸਂ | ਸਂ | ਨੀ | ਰੇਂ਼ | ਸਂ | ਸਂ |
| ਸ੍ਰਾ | S | ਵ | ਗ | ਸੁ | ਧ | S | S | ਸ | ਮੂੰ | S | ਜਿ | ਧਾ | S | ਨ | ਕੇ |
| 0 | | | | 3 | | | | X | | | | 2 | | | |
| ਗਂ | — | ਗਂ | ਮੇਂ | ਗਂ | ਰੇਂ਼ | ਸ | ਸਂ | ਸਂ | — | ਨੀ | ਧ | ਨੀ | — | ਧ | ਮੇ |
| ਦੇ | S | ਖਿ | ਫਿ | ਰਿਓ | S | ਘ | ਰ | ਜੋ | S | ਗ | ਜ | ਤੀ | S | ਕੇ | S |

ਨੋਟ : ਬਾਕੀ ਸ਼ਬਦ ਪੰਗਤੀਆਂ ਵੀ ਅੰਤਰੇ ਤੇ ਲਾਓ।

## ਸਵੱਯਾ ਨੰ. ੨

**ਸ਼ਬਦ : ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥**

**ਅਰਥ :** ਸੋਨੇ ਦੇ ਜ਼ੇਵਰਾਂ ਨਾਲ ਸਜਾਏ ਗਏ ਅਤੀ ਸੁੰਦਰ ਅਤੇ ਬੇਮਿਸਾਲ ਉੱਚੇ ਉੱਚੇ ਕਦ ਵਾਲੇ ਹਾਥੀ ਜੋ ਸੁੰਦਰ ਰੰਗਾਂ ਨਾਲ ਸੰਵਾਰੇ ਗਏ ਹੋਣ ਅਤੇ

**ਸ਼ਬਦ : ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ॥**

**ਅਰਥ ,** ਕਰੋੜਾਂ ਹੀ ਘੋੜੇ ਜੋ ਹਰਨਾਂ ਵਾਂਗ ਛਾਲਾਂ ਮਾਰਦੇ ਹੋਣ, ਕੁਦਦੇ ਹੋਣ ਅਤੇ ਇਤਨੇ ਤੇਜ ਦੌੜਦੇ ਹੋਣ ਕਿ ਹਵਾ ਨੂੰ ਭੀ ਮਾਤ ਪਾਈ ਜਾਣ, ਹਵਾ ਨੂੰ ਭੀ ਪਿੱਛੇ ਛਡ ਜਾਣ ਐਸੇ ਘੋੜੇ ਜਿਨ੍ਹਾਂ ਦੀ ਚਾਲ ਦਾ ਹਵਾ ਭੀ ਮੁਕਾਬਲਾ ਨ ਕਰ ਸਕੇ ।

**ਸ਼ਬਦ : ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ।**

**ਅਰਥ :** ਵਡੀਆਂ ਵਡੀਆਂ ਤਾਕਤਵਰ ਬਾਹਵਾਂ ਵਾਲੇ ਭੂਪ ਪਾਤਸ਼ਾਹ ਜਿਨ੍ਹਾਂ ਦੀ ਗਿਣਤੀ ਦਾ ਭੀ ਅੰਦਾਜ਼ ਨ ਕਰ ਸਕੇ, ਉਹ ਝੁਕ-ਝੁਕ ਕੇ ਸਲਾਮਾਂ ਪਏ ਕਰਦੇ ਹੋਣ । ਅਗਲੀ ਪੰਗਤੀ ਵਿਚ ਦਸਮ ਪਾਤਸ਼ਾਹ ਫੈਸਲਾ ਦਿੰਦੇ ਹਨ ।

**ਸ਼ਬਦ : ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਗੇ ਹੀ ਪਾਇ ਪਧਾਰੇ ॥੨॥**

**ਅਰਥ :** ਇਤਨੇ ਤੇਜ ਪ੍ਰਤਾਪ ਦੇ ਮਾਲਕ ਰਾਜੇ ਵੀ ਹੋਣ ਤਾਂ ਵੀ ਕੀ ਹੋਇਆ ? ਅੰਤ ਵੇਲੇ ਤਾਂ ਦੁਨੀਆਂ ਤੋਂ ਉਹ ਵੀ ਨੰਗੇ ਪੈਰੀਂ ਹੀ ਤੁਰ ਜਾਦੇ ਹਨ ।

# ਰਾਗ ਮਾਲਕੌਂਸ

**ਮਾਲਕੌਂਸ** ਰਾਗ **ਦੀ** ਉਤਪਤੀ ਭੈਰਵੀ ਥਾਟ ਤੋਂ **ਹੁੰਦੀ** ਹੈ। ਇਸ ਰਾਗ **ਵਿਚ** ਮ-ਸ਼ੁਧ ਬਾਕੀ ਸੁਰ ਸਭ ਕੋਮਲ ਹਨ। ਰੇ **ਅਤੇ ਪ** ਸੁਰ ਵਰਜਿਤ ਹੋਣ ਕਰਕੇ **ਇਸ ਦੀ ਜਾਤੀ ਔੜਵ** ਮੰਨੀ ਜਾਂਦੀ ਹੈ। ਇਸ ਦਾ ਵਾਦੀ ਸੁਰ ਮ, ਸੰਵਾਦੀ ਸ **ਹੈ। ਇਸ** ਦੇ **ਗਾਉਣ ਦਾ ਸਮਾਂ** ਰਾਤ ਦਾ ਤੀਜਾ ਪਹਿਰ ਮੰਨਦੇ ਹਨ। ਇਹ ਬਹੁਤ ਹੀ ਗੰਭੀਰ ਅਤੇ **ਬੜਾ ਹੀ** ਪਿਆਰਾ ਰਾਗ **ਹੈ** । ਇਸ **ਰਾਗ** ਨੂੰ **ਆਮ** ਗਾਇਆ-**ਵਜਾਇਆ ਜਾਂਦਾ ਹੈ** ਕਿਉਂਕਿ ਸਰਲ **ਹੈ। ਇਸ** ਰਾਗ ਦੀ **ਆਰੋਹੀ–ਅਵਰੋਹੀ ਦਾ** ਸਰੂਪ **ਇਸ ਪ੍ਰਕਾਰ ਹੈ**:

ਨ̱ੀ ਸ ਗ̱ ਮ ਧ̱ ਨ̱ ਸਾਂ / ਸਾਂ ਨ̱ੀ ਧ̱ ਮ ਗ̱ **ਮ** ਗ̱ ਸ

**ਪਕੜ** : **ਮ** ਗ̱ **ਮ** ਧ̱ ਨ̱ੀ ਧ̱ **ਮ ਗ̱** ਸ

ਸ਼ਬਦ **ਰੀਤ** ਤਿੰਨ ਤਾਲ ਮਾਤ੍ਰੇ 16 ਚਾਰ ਚਾਰ ਮਾਤ੍ਰਾ ਦੇ ਚਾਰ ਭਾਗ

**ਅਸਥਾਈ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ̱ | ਮ | ਗ̱ | ਸ | ਨ̣̱ | **ਸ** | ਧ̣̱ | ਨ̱ | ਸ | — | ਮ | ਮ | ਗ̱ | **ਮ** | ਗ̱ | ਸ |
| ਅੰ | ਤ | **ਕੋ** | S | ਨਾ | S | **ਗੇ** | ਹੀ | ਪਾਂ | S | ਇ | ਪ | ਧਾ | S | ਰੇ | S |
| 0 | | | | 3 | | | | X | | | | 2 | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ̱ | — | ਮ | ਮ | ਧ̱ | — | ਨ̱ੀ | — | ਸਂ | ਸਂ | ਸਂ | ਸਂ | ਧ̱ | ਨ̱ੀ | ਧ̱ | **ਮ** |
| ਏ | S | ਤੇ | ਭ | ਏ | S | ਤੋਂ | S | ਕ | ਹਾ | **ਭ** | ਏ | ਭੂ | S | ਪ | ਤ |
| 0 | | | | 3 | | | | X | | | | 2 | | | |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ̱ | — | ਮ | ਮ | ਧ̱ | — | **ਨ̱ੀ** | ਧ̱ | **ਸਂ** | — | ਸਂ | ਸਂ | ਗ̱ਂ | ਨ̱ੀ | ਸਂ | — |
| ਮਾ | S | **ਤੇ** | **ਮ** | ਤੰ | S | ਗ | ਜ | ਰੇ | S | **ਜ** | ਰ | **ਸੰ** | S | ਗ | S |
| 0 | | | | 3 | | | | X | | | | 2 | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਨ̣̱ੀ | ਨ̱ੀ | ਨ̱ੀ | ਨ̱ੀ | ਨ̱ੀ | — | **ਨ̱ੀ** | **ਨ̱ੀ** | ਧ̱ | ਨ̱ੀ | ਸਂ | **ਨ̱ੀ** | ਧ̱ | ਮ | ਮ | — |
| ਅ | ਨੂ | ਪ | ਉ | ਤੰ | S | ਗ | ਸੁ | ਰੰ | S | ਗ | ਸ | **ਵਾ** | S | ਰੇ | S |
| 0 | | | | 3 | | | | X | | | | 2 | | | |

ਨੋਟ : ਬਾਕੀ ਸ਼ਬਦ ਪੰਗਤੀਆ ਵੀ **ਅੰਤਰੇ** ਤੇ ਹੀ ਲਾਓ।

# ਸਵੱਯਾ ਨੰ. ੩

**ਪੰਗਤੀ ; ਜੀਤ ਫਿਰੇ ਸਭ ਦੇਸ ਦਿਸਾਨ ਕੋ ਬਾਜਤ ਢੋਲ ਮਿਰਦੰਗ ਨਗਾਰੇ ॥**

**ਅਰਥ** . ਜੇਕਰ ਕੋਈ ਦੇਸ਼-ਦੇਸ਼ਾਤਰਾਂ ਨੂੰ ਜਿੱਤਦਾ ਫਿਰੇ ਅਤੇ ਉਸ ਦੇ ਅਗੇ ਅਗੇ ਢੋਲ-ਮਿਰਦੰਗ ਤੇ ਨਗਾਰੇ ਵਜਦੇ ਹੋਣ ।

**ਪੰਗਤੀ : ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯ ਰਾਜ ਹਜਾਰੇ ॥**

**ਅਰਥ** : ਤਬੇਲਿਆਂ ਵਿਚ ਸੁੰਦਰ ਸੁੰਦਰ ਹਾਥੀਆਂ ਦੇ ਟੋਲਿਆਂ ਦੇ ਟੋਲੇ ਗੁੰਜਾਰਾਂ ਪਾ ਰਹੇ ਹੋਣ ਅਤੇ ਬੇਅੰਤ ਘੋੜੇ ਹਿਣਕਦੇ ਹੋਣ ।

**ਪੰਗਤੀ : ਭੂਤ ਭਵਿਖ ਭਵਾਨ ਕੇ ਭੂਪਤ ਕਉਨ ਗਨੇ ਨਹੀਂ ਜਾਤ ਬਿਚਾਰੇ ॥**

**ਅਰਥ** : ਬੀਤ ਚੁਕੇ ਸਮੇਂ ਵਿਚ – ਵਰਤਮਾਨ ਸਮੇਂ ਵਿਚ ਅਤੇ ਅਗੋਂ ਆਵਣ ਵਾਲੇ ਸਮੇਂ ਵਿਚ ਇਹੋ ਤੇਜ ਪ੍ਰਤਾਪ ਵਾਲੇ ਰਾਜੇ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਲਗ ਨ ਸਕੇ, ਹੋ ਗਏ ਹੋਣ ਅਤੇ ਅਗੋਂ ਭੀ ਬੇਅੰਤ ਹੋਣ ।

**ਪੰਗਤੀ : ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥3॥**

**ਅਰਥ** : ਪਰਮਾਤਮਾ ਵਾਹਿਗੁਰੂ ਜੋ ਇਸ ਸਾਰੀ ਮਾਇਆ ਦਾ ਮਾਲਕ ਹੈ, ਉਸ ਦਾ ਸਿਮਰਨ ਕਰਨ ਤੋਂ ਬਿਨਾਂ ਇਹ ਸਭ ਰਾਜੇ ਭੀ ਮੌਤ ਦਾ ਗ੍ਰਾਸ ਬਣ ਜਾਂਦੇ ਹਨ । ਇਹ ਸਭ ਘੋੜੇ ਹਾਥੀਆਂ ਦਾ ਤੇਜ ਪ੍ਰਤਾਪ ਇਥੇ ਹੀ ਰਹਿ ਜਾਂਦਾ ਹੈ, ਨਾਲ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਜਾਂਦਾ ਹੈ ।

# ਰਾਗ ਭੈਰਵ

ਇਹ ਭੈਰਵ ਠਾਠ ਦਾ ਹੀ ਸੰਪੂਰਨ ਜਾਤ ਦਾ ਰਾਗ ਹੈ, ਧੁ ਵਾਦੀ ਰੇੁ ਸੰਵਾਦੀ ਸੁਰ ਹੈ। ਧੁ ਗ੍ਰਿਹ ਅਤੇ ਅੰਸ ਦਾ ਸੁਰ ਭੀ ਹੈ ਆਰੋਹੀ ਵਿਚ ਰੇੁ ਦੀ ਸੰਗਤ ਬਹੁਤ ਹੀ ਅਨੰਦ-ਦਾਇਕ ਹੈ, ਇਨ੍ਹਾਂ ਦੋਹਾਂ ਸੁਰਾਂ ਦਾ ਅੰਦੋਲਨ ਬਹੁਤ ਹੀ ਪਿਆਰਾ ਲਗਦਾ ਹੈ।

ਆਰੋਹ / ਅਵਰੋਹ : ਸ ਰੇੁ ਗ ਮ ਪ ਧੁ ਨੀ ਸਾਂ / ਸਾਂ ਨੀ ਧੁ ਪ ਮ ਗ ਰੇੁ ਸ

ਸ਼ਬਦ ਰੀਤ ਤਿੰਨ ਤਾਲ ਮਾਤ੍ਰੇ 16 ਚਾਰ ਚਾਰ ਮਾਤ੍ਰਾ ਦੇ ਚਾਰ ਭਾਗ

## ਅਸਥਾਈ

| | | | |
|---|---|---|---|
| ਸ ਸ ਗ ਮ | ਪ ਪ ਮ ਪ | ਧੁ — ਪ ਮ | ਰੇੁ — ਸ — |
| ਅੰ ਤ ਕੋ S | ਅੰ ਤ ਕੇ S | ਧਾ S ਮ ਸਿ | ਧਾ S ਰੇ S |
| ਸ ਧੁ ਪ ਧੁ | ਮ ਪ ਗ ਮ | ਗ ਰੇੁ ਗ ਮ | ਗ ਰੇੁ ਸ ਸ |
| ਸ੍ਰੀ S ਪ ਤਿ | ਸ੍ਰੀ S ਭ ਗ | ਵਾ S ਨ ਭ | ਜੇ S ਬਿ ਨ |
| 0 | 3 | X | 2 |

## ਅੰਤਰਾ

| | | | |
|---|---|---|---|
| ਮ — ਮ ਮ | ਧੁ — ਨੀ ਨੀ | ਸਂ — ਸਂ ਸਂ | ਰੁਂ — ਸਂ ਸਂ |
| ਜੀ S ਤ ਫਿ | ਰੇ S ਸ ਭ | ਦੇ S ਸ ਦਿ | ਸਾਂ S ਨ ਕੋ |
| ਨੀ — ਨੀ ਨੀ | ਨੀ — ਨੀ ਨੀ | ਧੁ ਨੀ ਸਂ ਨੀ | ਧੁ — ਪ — |
| ਬਾ S ਜ ਤ | ਢੋ S ਲ ਮਿ | ਦੰ S ਗ ਨ | ਗਾ S ਰੇ S |
| 0 | 3 | X | 2 |

ਨੋਟ—ਬਾਕੀ ਸ਼ਬਦ ਦੀਆਂ ਪੰਗਤੀਆਂ ਭੀ ਅੰਤਰੇ ਤੇ ਹੀ ਲਾਓ।

## ਸਵੱਯਾ ਨੰ. ੪

**ਸ਼ਬਦ : ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੇ ॥**

**ਅਰਥ :** ਜੇਕਰ ਕੋਈ ਉਚੇਚੇ ਤੌਰ ਤੇ ਤੀਰਥਾਂ ਦੇ ਇਸ਼ਨਾਨ ਹੀ ਕਰਦਾ ਫਿਰੇ ਅਤੇ ਦਾਨ ਪੁੰਨ ਦਇਆ ਨੂੰ ਹੀ ਸਭ ਕੁਝ ਜਾਣੇ। ਮਨ ਨੂੰ ਭੀ ਬੁਰੇ ਕੰਮਾਂ ਤੋਂ ਰੋਕ ਕੇ ਰਖੇ ਤੇ ਹੋਰ ਭੀ ਇਹੋ ਜਿਹੇ ਅਨੇਕ ਸਾਧਨ ਕਰੇ।

**ਸ਼ਬਦ : ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੇ ॥**

**ਅਰਥ :** ਵੇਦ, ਪੁਰਾਣ ਅਤੇ ਕੁਰਾਨ ਜੋ ਪੱਛਮੀ ਧਰਮਾਂ ਦੀਆਂ ਧਰਮ-ਪੁਸਤਕਾਂ ਹਨ। ਚਾਰੇ ਪੁਸਤਕਾਂ ਹੀ ਪੜ੍ਹਦਾ ਫਿਰੇ, ਵੇਦ, ਪੁਰਾਣ ਹੀ ਪੜ੍ਹਦਾ ਫਿਰੇ।

**ਸ਼ਬਦ : ਪਉਨ ਅਹਾਰ ਜਤੀ ਜਤਧਾਰ ਸਬੈ ਸੁ ਬਿਚਾਰ ਹਜਾਰਕ ਦੇਖੇ ॥**

**ਅਰਥ :** ਜੇਕਰ ਕੋਈ ਖਾਣਾ-ਪੀਣਾ ਹੀ ਛੱਡ ਦੇਵੇ, ਪਉਣ-ਅਹਾਰੀ ਬਣ ਜਾਵੇ। ਹਵਾ ਦੇ ਸਹਾਰੇ ਹੀ ਜੀਵੇ, ਜਤ ਧਾਰ ਕੇ ਬ੍ਰਹਮਚਾਰੀ ਬਣ ਬੈਠੇ, ਹੋਰ ਭੀ ਇਹੋ ਜਿਹੇ ਹਜ਼ਾਰਾਂ ਹੀ ਸਾਧਨ ਸੋਚਦਾ ਰਹੇ ਅਤੇ ਪ੍ਰਭੂ-ਭਗਤੀ ਕਰੇ ਹੀ ਨਾ।

**ਸ਼ਬਦ : ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨ ਏਕ ਨ ਲੇਖੇ ॥੪॥**

**ਅਰਥ :** ਦਸਮ ਪਾਤਸ਼ਾਹ ਫਰਮਾਂਦੇ ਹਨ। ਇਸ ਸਾਰੀ ਸ੍ਰਿਸ਼ਟੀ ਦੇ ਮਾਲਕ-ਪਾਲਕ ਵਾਹਿਗੁਰੂ ਦੇ ਸਿਮਰਨ ਅਤੇ ਉਸ ਵਾਹਿਗੁਰੂ ਦੇ ਪਿਆਰ ਤੋਂ ਬਿਨਾਂ ਸਾਰੇ ਹੀ ਕੀਤੇ ਕਰਮ ਨਿਸਫਲ ਹਨ। ਕੋਈ ਭੀ ਕੀਤਾ ਕੰਮ ਕਿਸੇ ਲੇਖੇ ਵਿਚ ਨਹੀਂ ਆਉਣਾ। ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਸਾਰੇ ਹੀ ਕਰਮ ਨਿਸਫਲ ਹਨ।

# ਰਾਗ ਬਿਹਾਗੜਾ

ਬਿਹਾਗੜਾ ਰਾਗ ਬਿਲਾਬਲ ਥਾਟ ਤੋਂ ਪੈਦਾ ਹੁੰਦਾ ਹੈ ਅਤੇ ਇਸ ਨੂੰ ਬਿਹਾਗ ਦਾ ਹੀ ਇਕ ਰੂਪ ਮੰਨਦੇ ਹਨ।

1. ਬਿਹਾਗ ਰਾਗ ਵਿਚ ਕੋਮਲ ਨੀ ਲਗਾਣ ਨਾਲ ਬਿਹਾਗੜਾ ਬਣ ਜਾਂਦਾ ਹੈ। ਇਸ ਪ੍ਰਕਾਰ ਦਾ ਬਿਹਾਗੜਾ ਖਾਸ ਕਰਕੇ ਪੰਜਾਬ ਵਿਚ ਗਾਇਆ ਜਾਦਾ ਹੈ। ਅਸੀਂ ਇਸੇ ਬਿਹਾਗੜੇ ਵਿਚ ਸ਼ਬਦ-ਰੀਤ ਦੇ ਰਹੇ ਹਾਂ।

2: ਦੂਜਾ ਪ੍ਰਕਾਰ ਬਿਹਾਗ ਵਿਚ ਕੋਮਲ ਤੇ ਤੀਬਰ ਨਿਖਾਦ ਦੋਵੇਂ ਲਗਾਣ ਨਾਲ ਬਿਹਾਗੜਾ ਬਣ ਜਾਂਦਾ ਹੈ। ਬਿਹਾਗ ਅਤੇ ਬਿਹਾਗੜੇ ਵਿਚ ਕੇਵਲ ਇਹੋ ਅੰਤਰ ਹੈ। ਬਾਕੀ ਗੱਲਾਂ ਸਭ ਸਮਾਨ ਹਨ। ਗਾਉਣ ਦਾ ਸਮਾਂ ਭੀ ਰਾਤ ਦਾ ਦੂਜਾ ਪਹਿਰ ਹੀ ਮੰਨਿਆ ਗਿਆ ਹੈ।

ਆਰੋਹ / ਅਵਰੋਹ : ਨ਼ੀ ਸ ਗ ਮ ਨੀ ਸੰ / ਸੰ ਨੀ ਧ ਪ, ਨ਼ੀ ਧ ਪ ਮ ਗ ਰੇ ਸ

ਸ਼ਬਦ ਰੀਤ ਢਾਈ ਤਾਲ ਜਾਂ ਰੂਪਕ ਤਿੰਨ ਮਾਤ੍ਰੇ ਦਾ ਇਕ ਭਾਗ ਅਤੇ ਦੋ ਦੋ ਮਾਤ੍ਰੇ ਦੇ ਦੋ ਭਾਗ

**ਅਸਥਾਈ**

| | | | | | |
|---|---|---|---|---|---|
| ਸ ਨ਼ ਧ | ਪ — | ਮ ਗ | ਮ ਮ ਮ | ਗਰੇ ਗ | ਗ ਸ |
| ਏ ਕ ਰ | ਤੀ S | ਬਿ ਨੁ | ਏ ਕ ਨ | ਲੇS S | ਖੇ S |
| X0 | 2 | 3 | —o | 2 | 3 |
| ਗ ਗ ਮ | ਪ ਪ | ਨੀ ਨੀ | ਸਂ ਸਂ ਸਂ | ਨ਼ੀ — | ਧ ਪ |
| ਸ੍ਰੀ ਭ ਗ | ਵਾ S | ਨ ਭ | ਜੇ ਬਿ ਨ | ਭੂ S | ਪ ਤ |
| X0 | 2 | 3 | —o | 2 | 3 |

**ਅੰਤਰਾ**

| | | | | | |
|---|---|---|---|---|---|
| ਗ ਗ ਮ | ਪ — | ਨੀ ਨੀ | ਸੰ ਸੰ ਸੰ | ਨੀ — | ਸੰ — |
| ਤੀ ਰ ਥ | ਨ S | ਨ ਦਾਇ | ਆ ਦ ਮ | ਦਾ S | ਨ S |
| X0 | 2 | 3 | —o | 2 | 3 |
| ਗਂ ਗਂ ਗਂ | ਮਂ — | ਗਂ ਰਂ | ਨੀ ਨੀ ਨੀ | ਸ ਗਂਰਂ | ਂ — |
| ਸੁ ਸੰ ਜਮ | ਨੇ S | ਮ ਅ | ਨੇ ਕ ਬਿ | ਸੇ SS | ਖੇ S |
| X0 | 2 | 3 | —o | 2 | 3 |

ਨੋਟ—ਬਾਕੀ ਸ਼ਬਦ ਪੰਗਤੀਆਂ ਭੀ ਅੰਤਰੇ ਤੇ ਹੀ ਲਾਓ।

ਨੋਟ ਨੰ. 2 ਢਾਈ ਤਾਲ ਤੇ ਰੂਪਕ ਦੀ ਇਕੋ ਜਿਹੀ ਬਣਤਰ ਹੁੰਦੀ ਹੈ, ਦੋਵੇਂ ਹੀ ਸਤ ਮਾਤ੍ਰੇ ਦੇ ਤਾਲ ਹਨ। ਰੂਪਕ ਵਿਚ ਤਿੰਨ ਤਾਲੀਆਂ ਹਨ। ਪਹਿਲੀ ਮਾਤ੍ਰਾ ਤੇ ਚੌਥੀ ਮਾਤ੍ਰਾ ਤੇ ਅਤੇ ਛੇਵੀਂ ਮਾਤ੍ਰਾ ਤੇ, ਢਾਈ ਤਾਲ ਵਿਚ ਪਹਿਲੀ ਮਾਤ੍ਰਾ ਤੇ ਖਾਲੀ ਅਤੇ ਚੌਥੀ ਤੇ ਛੇਵੀਂ ਮਾਤ੍ਰਾ ਤੇ ਤਾਲੀ ਹੈ।

# ਸਵੱਯਾ ਨੰ. ੫

**ਸ਼ਬਦ : ਸੁਧ ਸਿਪਾਹ ਦੁਰੰਤ ਦੁਬਾਹ ਸੁ ਸਾਜ ਸਨਾਹ ਦੁਰਜਾਨ ਦਲੈਂਗੇ ॥**

**ਅਰਥ** : ਖੂਬ ਚੰਗੀ ਤਰ੍ਹਾਂ ਅਜ਼ਮਾਏ ਹੋਏ ਸੂਰਮੇ ਜੋਧੇ ਜੋ ਕਿਸੇ ਪ੍ਰਕਾਰ ਭੀ ਜਿੱਤੇ ਨਾ ਜਾ ਸਕਣ। ਅਜਿੱਤ ਜੋਧੇ ਜਿਨ੍ਹਾਂ ਦੀ ਝਾਲ ਨਾ ਝੱਲੀ ਜਾ ਸਕੇ, ਜੋ ਸੰਜੋਆਂ (ਲੋਹੇ ਦੇ ਕੋਟ) ਪਾ ਕੇ ਦੁਸ਼ਮਣਾਂ ਦਾ ਨਾਸ਼ ਕਰ ਦਿੰਦੇ ਹੋਣ।

**ਸ਼ਬਦ : ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ॥**

**ਅਰਥ** : ਜਿਨ੍ਹਾਂ ਦੇ ਹੌਂਸਲੇ ਇਤਨੇ ਬੁਲੰਦ ਹੋਣ ਗੁਮਾਨ ਨਾਲ ਭਰੇ ਮਨ ਇਹ ਆਖਦੇ ਹੋਣ ਕਿ ਪਹਾੜ ਭੀ ਪਰ ਲਾ ਕੇ (ਖੰਭ ਲਾ ਕੇ) ਆਪਣੇ ਟਿਕਾਣੇ ਤੋਂ ਹਿਲ ਜਾਣ ਜਾਂ ਉੜ ਜਾਣ ਪਰ ਅਸੀਂ ਆਪਣਾ ਇਕ ਕਦਮ ਭੀ ਪਿੱਛੇ ਨਹੀਂ ਹਟਾਵਾਂਗੇ।

**ਸ਼ਬਦ : ਤੋਰਿ ਅਰੀਨ ਮਰੋਰ ਮਵਾਸਨ ਮਾਤੇ ਮਤੰਗਨ ਮਾਨ ਮਲੈਂਗੇ ॥**

**ਅਰਥ** : ਆਪਣੇ ਵੈਰੀਆਂ–ਆਕੀਆਂ ਦੀਆਂ ਗ਼ਰਦਨਾਂ ਤੋੜ–ਮਰੋੜ ਕੇ, ਭੰਨ ਕੇ ਅਤੇ ਮਸਤੇ ਹਾਥੀਆਂ ਦਾ ਭੀ ਹੰਕਾਰ ਤੋੜ ਕੇ ਚਕਨਾ-ਚੂਰ ਕਰ ਦੇਣ ਵਾਲੇ।

**ਸ਼ਬਦ : ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨ ਤਿਆਗ ਜਹਾਨ ਨਿਦਾਨ ਚਲੈਂਗੇ ॥੫॥**

**ਅਰਥ** : ਇਹੋ ਜਿਹੇ ਬਲੀ ਬਹਾਦਰ ਜੋਧੇ ਭੀ ਉਸ ਵਾਹਿਗੁਰੂ ਦੀ ਮੇਹਰ ਅਤੇ ਕ੍ਰਿਪਾ-ਦ੍ਰਿਸ਼ਟੀ ਪ੍ਰਾਪਤ ਕੀਤੇ ਬਿਨਾਂ, ਇਸ ਦੁਨੀਆਂ ਨੂੰ ਛੱਡ ਅੰਤ ਨੂੰ ਚਲੇ ਜਾਂਦੇ ਹਨ।

# ਰਾਗ ਅਹੀਰ ਭੈਰਉ

ਅਹੀਰ ਭੈਰਉ ਸੰਪੂਰਨ ਜਾਤੀ ਦਾ ਰਾਗ ਹੈ, ਭੈਰਉ ਥਾਟ ਤੋਂ ਪੈਦਾ ਹੁੰਦਾ ਹੈ। ਵਾਦੀ ਸੁਰ ਮ ਅਤੇ ਸੰਵਾਦੀ ਸ ਹੈ, ਗਾਉਣ ਦਾ ਸਮਾਂ ਪ੍ਰਾਤ ਕਾਲ-ਭੈਰਉਂ ਅਤੇ ਕਾਫੀ ਰਾਗ ਦਾ ਮਿਸ਼ਰਨ ਹੋਣ ਕਾਰਣ ਇਸ ਰਾਗ ਵਿਚ ਬੜਾ ਹੀ ਵਿਚਿਤ੍ਰ ਅਨੰਦ ਆਉਂਦਾ ਹੈ। ਇਸ ਰਾਗ ਵਿਚ 'ਮ' ਤੇ ਵਿਸਰਾਮ ਕਰ ਕੇ ਆਣ-ਜਾਣ ਵਿਚ ਬਹੁਤ ਅਨੰਦ ਆਉਂਦਾ ਹੈ ਬੜਾ ਹੀ ਮਧੁਰ ਹੈ।

ਆਰੋਹ-ਅਵਰੋਹ : ਸ ਰੇ ਗ ਮ ਪ ਧ ਨੁ ਸਾਂ—ਸਾਂ ਨੀ ਧ ਪ ਮ ਗ ਰੇ ਸ

ਸ਼ਬਦ ਰੀਤ    ਤਾਲ ਦਾਦਰਾ ਮਾਤ੍ਰੇ 6    ਤਿੰਨ ਤਿੰਨ ਮਾਤ੍ਰਾ ਦੇ ਦੋ ਭਾਗ

**ਅਸਥਾਈ**

| | | | | | | | | | | | |
|---|---|---|---|---|---|---|---|---|---|---|---|
| ਰੇ | ਰੇ | ਰੇ | ਸ | ਨੂ | ਧ | ਸ | ਸ | ਸ | ਸ | ਸ | ਨੂ |
| ਤਿਆ | ਗ | ਜ | ਹਾ | ਨ | ਨਿ | ਦਾ | ਨ | ਚ | ਲੈਂ | ਗੇ | S |
| X | | | 0 | | | X | | | 0 | | |
| ਮ | ਮ | ਮ | ਧ | ਨੀ | ਪ | ਮ | ਮ | ਮ | ਰੇ | ਸ | ਸ |
| ਸ੍ਰੀ | ਪ | ਤ | ਸ੍ਰੀ | ਭ | ਗ | ਵਾ | ਨ | ਕ੍ਰਿ | ਪਾ | ਬਿ | ਨ |
| X | | | 0 | | | X | | | 0 | | |

**ਅੰਤਰਾ**

| | | | | | | | | | | | |
|---|---|---|---|---|---|---|---|---|---|---|---|
| ਮ | ਮ | ਮ | ਧ | ਨੀ | ਧ | ਸਂ | ਸਂ | ਸਂ | ਰੇਂ | ਸਂ | ਸਂ |
| ਸੁ | ਧ | ਸਿ | ਪਾ | ਹ | ਦੁ | ਰੰ | ਤ | ਦੁ | ਬਾ | ਹ | ਸੁ |
| X | | | 0 | | | X | | | 0 | | |
| ਸਂ | ਸਂ | ਨੀ | ਧ | ਪ | ਪ | ਧ | ਨੀ | ਧ | ਪ | ਮ | ਮ |
| ਸਾ | ਜ | ਸ | ਨਾ | ਹ | ਦੂਰ | ਜਾ | ਨ | ਦ | ਲੈਂ | ਗੇ | S |
| X | | | 0 | | | X | | | 0 | | |

ਨੋਟ:—ਬਾਕੀ ਸ਼ਬਦ ਪੰਗਤੀਆਂ ਭੀ ਅੰਤਰੇ ਤੇ ਹੀ ਲਾਓ।

# ਸਵੱਯਾ ਨੰ: ੬

**ਸ਼ਬਦ : ਬੀਰ ਅਪਾਰ ਬਡੇ ਬਰ ਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥**

**ਅਰਥ :** ਬੜੇ ਬੜੇ ਬਲੀ ਸੂਰਮੇ ਜੋਧੇ ਜੋ ਬਹੁਤ ਬੇਪਰਵਾਹੀ ਨਾਲ ਸ਼ਸਤਰਾਂ ਦੀ ਚੋਟ ਖਾ ਸਕਦੇ ਹੋਣ ।

**ਸ਼ਬਦ : ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲਯਾ ॥**

**ਅਰਥ :** ਮਸਤੇ ਹੋਏ ਹਾਥੀਆਂ ਦੇ ਹੰਕਾਰ ਤੋੜ ਦੇਣ ਵਾਲੇ ਅਤੇ ਕਈਆਂ ਦੇਸ਼ਾਂ ਦੀ ਜਿੱਤ ਪ੍ਰਾਪਤ ਕਰਕੇ ਆਕੀਆਂ ਨੂੰ (ਵੈਰੀਆਂ ਨੂੰ) ਆਪਣੇ ਅਧੀਨ ਕਰ ਲੈਣ ਵਾਲੇ ।

**ਸ਼ਬਦ : ਗਾੜ੍ਹੇ ਗੜ੍ਹਾਨ ਕੇ ਤੋੜਨਹਾਰ ਸੁ ਬਾਤਨ ਹੀ ਚਕਚਾਰ ਲਵੱਯਾ ॥**

**ਅਰਥ :** ਬੜੇ ਮਜਬੂਤ ਕਿਲ੍ਹਿਆਂ ਨੂੰ ਤੋੜ ਕੇ ਫਤਹਿ ਕਰ ਲੈਣ ਅਤੇ ਗੱਲਾਂ ਨਾਲ ਹੀ ਭਾਵ-ਗੱਲਾਂ ਕਰਕੇ ਡਰਾਵਿਆਂ ਨਾਲ ਹੀ ਸਾਰੀ ਧਰਤੀ (ਚਾਰ ਚੱਕ) ਉਪਰ ਕਬਜਾ ਕਰ ਲੈਣ ਵਾਲੇ ।

**ਸ਼ਬਦ : ਸਾਹਿਬ ਸ੍ਰੀ ਸਭ ਕੇ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ ।੬**

**ਅਰਥ :** ਐਸੇ ਅਨੇਕਾਂ ਹੀ ਬਲੀ ਜੋਧੇ. ਸੂਰਮੇ, ਰਾਜੇ, ਰਾਣੇ ਉਸ ਵਾਹਿਗੁਰੂ ਪਰਮਾਤਮਾਂ ਦੇ ਦਰ ਤੇ ਮੰਗਤੇ ਹਨ ! ਇਨ੍ਹਾਂ ਸਭ ਨੂੰ ਬਲ ਦਲ ਧਨ ਸਭ ਦਾਤਾਂ ਦੇਣ ਵਾਲਾ ਕੇਵਲ ਇਕੋ ਇਕ ਪਰਮਾਤਮਾਂ ਹੈ, ਜੋ ਸਭ ਦਾਤਾਂ ਦਾ ਮਾਲਕ ਹੈ, ਪਾਲਕ ਹੈ ਅਤੇ ਸਾਰੇ ਹੀ ਜੀਆਂ ਦਾ ਖਸਮ ਹੈ ।

# ਰਾਗ ਭੂਪਾਲੀ

ਰਾਗ ਭੂਪਾਲੀ ਕਲਿਆਣ ਥਾਟ ਤੋਂ ਉਤਪੰਨ ਹੁੰਦਾ ਹੈ। ਇਸ ਵਿਚ ਮ ਅਤੇ ਨੀ ਦੋ ਸੁਰ ਵਰਜਿਤ ਹਨ। ਇਸ ਲਈ ਜਾਤੀ ਔੜਵ ਮੰਨੀ ਜਾਂਦੀ ਹੈ। ਭੂਪਾਲੀ ਦਾ ਵਾਦੀ ਸੁਰ ਗ ਅਤੇ ਸੰਵਾਦੀ ਧ ਹੈ ਅਤੇ ਸਮਾਂ ਰਾਤ ਦਾ ਪਹਿਲਾ ਪਹਿਰ। ਇਹ ਰਾਗ ਬਹੁਤ ਹੀ ਸਰਲ ਅਤੇ ਮਧੁਰ ਹੈ।

ਆਰੋਹ ਅਵਰੋਹ : ਸ ਰੇ ਗ ਪ ਧ ਸਾਂ—ਸਾਂ ਧ ਪ ਗ ਰੇ ਸ

ਸ਼ਬਦ ਰੀਤ ਤਿੰਨ ਤਾਲ ਮਾਤ੍ਰੇ 16 ਚਾਰ ਚਾਰ ਮਾਤ੍ਰੇ ਦੇ ਚਾਰ ਭਾਗ

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਾਂ | — | ਧ | ਪ | ਗ | ਰੇ | ਸ | ਰੇ | ਗ | — | ਗ | ਰੇ | ਗ | ਪ | ਧ | ਪ |
| ਸਾ | S | ਹਿ | ਬ | ਸ੍ਰੀ | S | ਸ | ਭ | ਕੇ | S | ਸਿ | ਰ | ਨਾ | S | ਇ | ਕ |
| ਗ | ਗ | ਗ | ਰ | ਗ | ਧ | ਪ | ਪ | ਗ | ਰੇ | ਗ | ਰੇ | ਸਾ | ਸ | ਸ਼ਾ | — |
| ਜਾ | ਚ | ਕ | ਅ | ਨੇ | S | ਕ | ਸੁ | ਏ | S | ਕ | ਦਿ | ਵੱ | ਈ | ਆ | S |
| 0 | | | | 3 | | | | X | | | | 2 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | — | ਗ | ਗ | ਪ | — | ਧ | ਪ | ਸਂ | — | ਸਂ | ਸਂ | ਸਂ | ਰੇਂ | ਸਂ | ਸਂ |
| ਬੀ | S | ਰ | ਅ | ਪਾ | S | ਰ | ਬ | ਡੇ | S | ਬ੍ਰ | ਰ | ਆ | ਰ | ਅ | ਬ |
| ਰੇਂ | — | ਰੇਂ | ਰੇਂ | ਰੇਂ | — | ਰੇਂ | ਸਂ | ਗਂ | — | ਗਂ | ਗਂ | ਰੇਂ | ਰੇ | ਸਂ | — |
| ਚਾ | S | ਰ | ਹਿ | ਸਾ | S | ਰ | ਕੀ | ਧਾ | S | ਰ | ਭ | ਛ | ਈ | ਯਾ | S |
| 0 | | | | 3 | | | | X | | | | 2 | | | |

ਨੋਟ—ਬਾਕੀ ਸ਼ਬਦ ਦੀਆਂ ਪੰਗਤੀਆਂ ਭੀ ਅੰਤਰੇ ਤੇ ਹੀ ਲਾਓ।

## ਸਵੱਯਾ ਨੰ. ੭

**ਸ਼ਬਦ : ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ ॥**

**ਅਰਥ :** ਰਾਖਸ਼ਸ਼-ਦੇਵਤੇ, ਸ਼ੇਸ਼ਨਾਗ ਅਤੇ ਹੋਰ ਅਨੇਕਾਂ ਹੀ ਰਾਤ ਨੂੰ ਫਿਰਨ ਵਾਲੇ ਜੀਵ ਭੂਤ-ਪ੍ਰੇਤ ਆਦਿ ਬੀਤ ਚੁਕੇ ਸਮੇਂ ਵਿਚ, ਵਰਤਮਾਨ ਸਮੇਂ ਵਿਚ ਅਤੇ ਆਵਨ ਵਾਲੇ ਸਮੇਂ ਵਿਚ ਇਹ ਸਾਰੇ ਹੀ ਵਾਹਿਗੁਰੂ ਦਾ ਸਿਮਰਨ ਕਰਦੇ ਹਨ।

**ਸ਼ਬਦ : ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥**

**ਅਰਥ :** ਸਾਰੀ ਸ੍ਰਿਸ਼ਟੀ ਦੇ ਜਿਤਨੇ ਭੀ ਜੀਵ ਹਨ, ਜਲ ਅਤੇ ਥਲ ਵਿਚ ਉਹ ਮੇਰਾ ਅਕਾਲ ਪੁਰਖ, ਪਲੋਂ ਪਲੀ ਯਾਨੀ ਸਕਿੰਟਾਂ ਵਿਚ, ਪਲਾਂ ਵਿਚ ਸਭ ਦੀ ਥਾਪਨਾ ਥਾਪ ਸਕਦਾ ਹੈ, ਰਚ ਸਕਦਾ ਹੈ, ਬਣਾ ਸਕਦਾ ਹੈ।

**ਸ਼ਬਦ : ਪੁੰਨ ਪ੍ਰਤਾਪਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ ॥**

**ਅਰਥ**, ਚੰਗੇ ਕੀਤੇ ਕੰਮਾਂ ਦੀ ਜੈ ਜੈ ਕਾਰ ਦੀ ਧੁਨ ਆਵਾਜ਼ ਵਧਦੀ ਹੈ ਅਤੇ ਪਿਛਲੇ ਕੀਤੇ ਮੰਦੇ ਕਰਮਾ ਦੇ ਢੇਰਾਂ ਦੇ ਢੇਰ ਨਾਸ਼ ਹੋ ਜਾਂਦੇ ਹਨ।

**ਸ਼ਬਦ : ਸਾਧ ਸਮੂੰਹ ਪ੍ਰਸੰਨ ਫਿਰੈ ਸਤ੍ਰੂ ਸਭੈ ਅਵਲੇਕ ਚਪੈਂਗੇ ॥7॥**

**ਅਰਥ :** ਪ੍ਰਮਾਤਮਾ ਦਾ ਸਿਮਰਨ ਕਰਨ ਵਾਲੇ ਭਗਤ, ਜਗਤ ਵਿਚ ਖੁਸ਼ ਪ੍ਰਸੰਨ ਫਿਰਦੇ ਹਨ ਅਤੇ ਉਹਨਾਂ ਦੇ ਵੈਰੀ ਮੰਦੇ ਕੰਮ ਕਰਨ ਵਾਲੇ ਉਹਨਾਂ ਨੂੰ ਵੇਖ ਕੇ ਨੀਵੇਂ ਹੋ ਜਾਂਦੇ ਹਨ।

# ਰਾਗ ਪੂਰੀਆ ਧਨਾਸਰੀ

ਇਹ ਰਾਗ ਪੂਰਵੀ ਥਾਟ ਤੋਂ ਉਪਜਦਾ ਹੈ। ਇਸ ਰਾਂਗ ਨੂੰ ਗਾਉਣ ਸਮੇਂ ਪੂਰਵੀ ਤੋਂ ਵਖ ਰਖਣ ਲਈ ਪੂਰਾ ਪੂਰਾ ਧਿਆਨ ਰਖ ਕੇ ਗਾਉਣਾ ਪੈਂਦਾ ਹੈ। ਪੂਰਵੀ ਵਿਚ ਦੋਵੇਂ ਮ ਲਗਦੇ ਹਨ, ਇਸ ਵਿਚ ਕੇਵਲ ਤੀਬਰ ਮਾ ਲਿਆ ਜਾਂਦਾ ਹੈ। ਐਸਾ ਕਰਨ ਨਾਲ ਰਾਗ ਭੇਦ ਪੂਰਨ ਸਪਸ਼ਟ ਹੋ ਜਾਂਦਾ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਰੁ ਹੈ। ਜਾਤੀ ਸੰਪੂਰਨ ਅਤੇ ਸਮਾਂ ਗਾਉਣ ਦਾ ਸ਼ਾਮ ਵੇਲੇ। ਪੂਰੀਆ ਧਨਾਸਰੀ ਗਾਉਣ ਵਿਚ ਮੇ ਰੇ ਗ ਅਤੇ ਰੇਂ ਨੀ ਧੁ ਪ ਸੁਰ ਸੰਗਤੀ ਬਹੁਤ ਸ਼ੋਭਨੀਕ ਅਤੇ ਰਾਗ ਵਾਚਕ ਹੈ।

ਆਰੋਹ : ਨ਼ੀ ਰੇ ਗ ਮੇ ਪ ਧੁ ਪ ਨੀ ਸਾਂ

ਅਵਰੋਹ : ਰੇਂ ਨੀ ਧੁ ਪ ਮੇ ਗ ਰੇ ਗ ਰੇ ਸ

ਪਕੜ : ਨੀ ਰੇ ਗ, ਮੇ ਪ, ਧੁ ਪ, ਮੇ ਗ, ਮੇ ਰੇ ਗ, ਧੁ ਮੇ ਗ, ਰੇ ਸ

ਸ਼ਬਦ ਰੀਤ — ਤਿੰਨ ਤਾਲ ਮਾਤ੍ਰੇ 16 — ਚਾਰ ਚਾਰ ਮਾਤ੍ਰਾ ਚਾਰ ਭਾਗ

### ਅਸਥਾਈ

| | | | |
|---|---|---|---|
| ਪ ਪ ਪ ਮੇ | ਗ ਮੇ ਰੇ ਗ | — ਗ ਮੇ ਗ | ਰੇ ਸ – – |
| ਸ ਤ੍ਰ ਸ ਭੈ | ऽ ਅ ਵ ਲੋ | ऽ ਕ ਚ ਪੈਂ | ऽ ਗੇ ऽ ऽ |
| 0 | 3 | X | 2 |
| ਰੇ ਸ ਰੇ ਗ | ਗ ਮੇ ਗ ਪ | — ਪ ਪ ਮੇ | ਧੁ ਪ ਪ — |
| ਸਾ ਧਾ ਸ ਮੂ | ਹ ਪ ਰ ਸੰ | ऽ ਨ ਫਿ ਰੈ | ऽ ਜ ਗ ऽ |
| 0 | 3 | X | 2 |

### ਅੰਤਰਾ

| | | | |
|---|---|---|---|
| ਪਾ – ਮੇ ਗ | ਮੇ – ਧੁ ਧੁ | ਸਂ – ਸਂ ਸਂ | ਨੀ ਰੇਂ ਸਂ ਸਂ |
| ਦਾ ऽ ਨ ਵ | ਦੇ ऽ ਵ ਫ | ਨਿੰ ऽ ਦ ਨਿ | ਸਾ ऽ ਚ ਰ |
| 0 | 3 | X | 2 |
| ਨੀ – ਨੀ ਨੀ | ਨੀ – ਨੀ ਨੀ | ਧੁ ਨੀ ਸਂ ਨੀ | ਧੁ ਪਾ – – |
| ਭੂ ऽ ਤ ਭ | ਵਿ ऽ ਖ ਭ | ਵਾ ऽ ਨ ਜ | ਪੈ ऽ ਗੇ ऽ |
| 0 | 3 | X | 2 |

ਨੋਟ : ਬਾਕੀ ਸ਼ਬਦ ਪੰਗਤੀਆਂ ਭੀ ਅੰਤਰੇ ਤੇ ਹੀ ਲਾਓ !

## ਸਵੱਯਾ ਨੰ. ੮

**ਸ਼ਬਦ : ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥**

**ਅਰਥ** : ਜੋ ਮਨੁੱਖ ਵਡੇ ਵਡੇ ਹਾਥੀਆਂ ਦੇ ਮਾਲਕ ਅਤੇ ਚਕ੍ਰਵਰਤੀ ਰਾਜੇ ਬਣਦੇ ਹਨ ਅਤੇ ਸਾਰੀ ਦੁਨੀਆਂ ਦਾ ਭੀ ਰਾਜ ਕਰਦੇ ਹਨ ।

**ਸ਼ਬਦ : ਕੋਟ ਸਿਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ ॥**

**ਅਰਥ** : ਕ੍ਰੋੜਾਂ ਹੀ ਤੀਰਥਾਂ ਦੇ ਇਸ਼ਨਾਨ ਕਰ ਕੇ ਹਾਥੀਆਂ ਤਕ ਦੇ ਦਾਨ ਕਰਕੇ ਅਨੇਕਾਂ ਸੁਅੰਬਰ ਰਚਾ ਕੇ ਵਿਆਹ ਕਰਦੇ ਹਨ ।

**ਸ਼ਬਦ : ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮਫਾਸ ਪਰੈਂਗੇ ॥**

**ਅਰਥ** : ਦਸਮ ਪਤਾ ਆਖਦੇ ਹਨ ਕਿ ਚਕ੍ਰਵਰਤੀ ਰਾਜੇ ਹਾਥੀਆਂ ਤਕ ਦੇ ਦਾਨ ਕਰਨ ਵਾਲੇ ਤਾਂ ਕਿਤੇ ਰਹੇ—ਬ੍ਰਹਮਾ, ਸ਼ਿਵ, ਵਿਸ਼ਨੂੰ, ਇੰਦ੍ਰ ਦੇਵਤਾ ਵੀ, ਸਚੀਪਤਿ ਇਸਤ੍ਰੀ ਭੀ ਜਮ ਦੀ ਫਾਂਸੀ ਤੋਂ ਬਚ ਨਹੀਂ ਸਕਦੇ, ਅੰਤ ਨੂੰ ਮੌਤ ਦਾ ਗ੍ਰਾਸ ਬਣਦੇ ਹਨ ।

**ਸ਼ਬਦ : ਜੇ ਨਰ ਸ੍ਰੀਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥9॥**

**ਅਰਥ** : ਜਿਹੜੇ ਮਨੁੱਖ ਵਾਹਿਗੁਰੂ ਪ੍ਰਮਾਤਮਾ ਦੇ ਚਰਨੀ ਲਗਦੇ ਹਨ, ਉਸ ਦਾ ਸਿਮਰਨ ਕਰਦੇ ਹਨ, ਉਹੋ ਹੀ ਨਰ ਜਨਮ ਮਰਨ ਦੇ ਚੱਕਰ ਤੋਂ ਬਚਣਗੇ, ਉਹਨਾਂ ਨੂੰ ਫੇਰ ਸਰੀਰ ਧਾਰਨ ਕਰਨਾ ਨਹੀਂ ਪਵੇਗਾ ।

---

## ਗਲਤੀ ਲਈ ਖਿਮਾ

**ਨਵੰਬਰ 1992 ਦੇ ਅੰਕ ਵਿੱਚ ਰਾਗ ਤਿਲੰਗ ਦੀ ਸੁਰ ਲਿਪੀ ਉਤੇ ਗਲਤੀ ਨਾਲ 'ਹਰਿਭਜਨ ਸਿੰਘ' ਛਪ ਗਿਆ ਹੈ । ਇਹ ਸੁਰ ਲਿਪੀ ਸ੍ਰ. ਬਲਜਿੰਦਰਪਾਲ ਸਿੰਘ, (ਬੰਬਈ) ਹੋਰਾਂ ਨੇ ਭੇਜੀ ਸੀ । ਭੁਲ ਲਈ ਖਿਮਾ ।**

# ਰਾਗ ਮਧੁਵੰਤੀ

ਮਧੁਵੰਤੀ ਰਾਗ ਬਹੁਤ ਹੀ ਮਧੁਰ ਰਾਗ ਹੈ ! ਗੌਰੀ ਪੁਰ ਦੇ ਪ੍ਰਸਿਧ ਸਿਤਾਰ ਵਾਦਕ ਉਸਤਾਦ ਵਿਲਾਇਤ ਖਾਂ ਨੇ ਆਪਣੀ ਜ਼ਨਮ ਦਾਤੀ, ਆਪਣੀ ਮਾਤਾ ਦੇ ਨਾਮ ਤੋਂ ਅੰਬਕਾ ਰਖਿਆ ਸੋ ਇਸ ਰਾਗ ਨੂੰ ਮਧੁਵੰਤੀ ਅਤੇ ਅੰਬਕਾ ਦੇ ਨਾਮ ਤੋਂ ਪੁਕਾਰਿਆ ਜਾਂਦਾ ਹੈ। ਇਸ ਰਾਗ ਵਿਚ ਗੰਧਾਰ ਯਾਨੀ, ਗ ਕੋਮਲ ਮੇ ਤੀਬਰ ਅਤੇ ਨੀ ਸੁਧ ਹੈ। ਅਰੋਹ ਵਿਚ ਰੇ ਅਤੇ ਧ ਵਰਜਿਤ ਹਨ। ਅਵਰੋਹ ਸਰਲ ਅਤੇ ਸੰਪੂਰਨ ਹੈ। ਤੀਬਰ ਮੇ ਅਤੇ ਸ਼ੁਧ ਨੀ ਮਹਤੱਵ ਭਰਪੂਰ ਨਿਆਸ ਦੇ ਸੁਰ ਹਨ। ਵਾਦੀ ਪ ਅਤੇ ਸੰਵਾਦੀ ਸ ਹੈ। ਸਮਾਂ ਦਿਨ ਦਾ ਤੀਜਾ ਪਹਿਰ ਹੈ।

ਇਸ ਦੀਆਂ ਮੁਖ ਸੁਰ ਇਹ ਹਨ : ਗੁ ਮੇ, ਪ ਨ – ਧ, ਮੇ, ਗੁ ਰੇ ਸ

ਆਰੋਹ/ਅਵਰੋਹ : ਨੀ ਸ ਗੁ ਮੇ, ਪ, ਨੀ ਸਾਂ / ਸਾਂ ਨੀ ਧ ਪ, ਮੇ ਗੁ ਰੇ ਸ

ਸ਼ਬਦ ਰੀਤ ਤਿੰਨ ਤਾਲ ਮਾਤ੍ਰੇ 16 ਚਾਰ ਚਾਰ ਮਾਤ੍ਰਾ ਦੇ ਚਾਰ ਭਾਗ

## ਅਸਥਾਈ

| 0 | | | | 3 | | | | X | | | | 2 | | | |
|---|---|---|---|---|---|---|---|---|---|---|---|---|---|---|---|
| ਮੇ | ਗੁ | ਮੇ | ਪ | ਗੁ | — | ਰੇ | ਸ | ਰੇ | — | ਸ | ਸ | ਗੁ | — | ਧ | ਪ |
| ਤੇ | ऽ | ਨ | ਰ | ਫੰ | ऽ | ਰ | ਨ | ਦੇ | ऽ | ਹ | ਧ | ਰੈਂ | ऽ | ਗੇ | ऽ |
| ਮੇ | ਪ | ਗੁ | ਮੇ | ਪ | ਨੀ | ਸਂ | ਸਂ | ਨੀ | — | ਨੀ | ਸਂ | ਧ | — | ਪ | ਪ |
| ਜੇ | ऽ | ਨ | ਰ | ਸ੍ਰੀ | ऽ | ਪ | ਤ | ਕੇ | ऽ | ਪ੍ਰ | ਸ | ਹੈਂ | ऽ | ਪ | ਗ |

## ਅੰਤਰਾ

| 0 | | | | 3 | | | | X | | | | 2 | | | |
|---|---|---|---|---|---|---|---|---|---|---|---|---|---|---|---|
| ਮੇ | ਪ | ਗ | ਮੇ | ਪ | ਨੀ | ਸਂ | ਸਂ | ਗੁਂ | — | ਰੇਂ | ਸਂ | ਰੇਂ | ਨੀ | ਧ | ਪ |
| ਮਾ | ऽ | ਨ | ਵ | ਇੰ | ऽ | ਦ੍ਰ | ਗ | ਜਿੰ | ऽ | ਦ੍ਰ | ਨ | ਰਾ | ऽ | ਧ | ਪ |
| ਗੁਂ | — | ਰੇਂ | ਸਂ | ਰੇਂ | — | ਸ | ਸਂ | ਨੀ | — | ਨੀ | ਸਂ | ਧ | — | ਪ | — |
| ਜੋ | ऽ | ਨ | ਤ੍ਰਿ | ਲੋ | ऽ | ਕ | ਕੋ | ਰਾ | ऽ | ਜ | ਕ | ਰੇਂ | ऽ | ਗੇ | ऽ |

ਨੋਟ : 1. ਬਾਕੀ ਸ਼ਬਦ ਪੰਗਤੀਆਂ ਭੀ ਅੰਤਰੇ ਤੇ ਹੀ ਲਾਓ।

2. ਅੰਤਰਾ ਆਖ ਕੇ ਫਿਰ ਅਸਥਾਈ ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈ, ਤੋਂ ਹੀ ਪਕੜੋ ਤਾਂ ਕਿ ਸ਼ਬਦ ਦਾ ਭਾਵ ਸਪਸ਼ਟ ਰਹੇ।

## ਸਵੱਯਾ ਨੰ. ੯

**ਸ਼ਬਦ : ਕਹਾ ਭਇਓ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥**

**ਅਰਥ :** ਜੇਕਰ ਕੋਈ ਅੱਖਾਂ ਬੰਦ ਕਰਕੇ ਬਗਲ ਸਮਾਧੀ ਲਾ ਕੇ ਬੈਠ ਜਾਵੇ ਤਾਂ ਕੀ ਹੋਇਆ ? ਇਸ ਬਨਾਵਟੀ ਸਮਾਧੀ ਦਾ ਕੋਈ ਲਾਭ ਨਹੀਂ ।

**ਸ਼ਬਦ : ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ ਲੋਕ ਗਇਓ ਪਰਲੋਕ ਗਵਾਇਓ ॥**

**ਅਰਥ :** ਜੇਕਰ ਕੋਈ ਮਨੁਖ ਸਤ ਸਮੁੰਦ੍ਰਾਂ ਤਕ ਸਾਰੇ ਹੀ ਤੀਰਥਾਂ ਦੇ ਇਸ਼ਨਾਨ ਕਰਦਾ ਫਿਰੇ ਭ੍ਰਮ ਭ੍ਰਮ ਕੇ ਇਸ ਲੋਕ ਦਾ ਸੁਖ ਵੀ ਨਾ ਮਾਣ ਸਕਿਆ। ਐਸਾ ਕਰ ਕੇ ਲੋਕ-ਪਰਲੋਕ ਦੋਵੇਂ ਹੀ ਗਵਾ ਲਏ ਕਿਉਂਕਿ ਰੱਬ ਦੀ ਭਗਤੀ ਨਾ ਕੀਤੀ, ਭਰਮਦਾ ਹੀ ਫਿਰਆ। ਇੰਜ ਇਹ ਲੋਕ ਵੀ ਗਇਆ ਤੇ ਪਰਲੋਕ ਵੀ ਗਿਆ ।

**ਸ਼ਬਦ : ਬਾਸ ਕੀਓ ਬਿਖਿਅਨ ਸੋਂ ਬੈਠ ਕੇ ਐਸੇ ਹੀ ਐਸੇ ਸੁ ਬੈਸ ਬਿਤਾਇਓ ॥**

**ਅਰਥ :** ਜੇਹੜੇ ਮਨੁਖ ਮੰਦੇ ਕੰਮਾਂ ਦੇ ਮੰਦੇ ਚਸਕਿਆਂ ਵਿਚ ਹੀ ਖਚਿਤ ਰਹੇ ਮੰਦੇ ਸੁਆਦ ਹੀ ਮਾਣਦੇ ਰਹੇ। ਜਾਣੋਂ, ਉਸ ਨੇ ਆਪਣੀ ਸਾਰੀ ਉਮਰ ਵਿਅਰਥ ਹੀ ਗੰਵਾ ਲਈ ।

**ਸ਼ਬਦ : ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ ॥**

**ਅਰਥ :** ਦਸਮ ਪਾਤਸ਼ਾਹ ਨੇ ਡੰਕੇ ਦੀ ਚੋਟ ਨਾਲ ਇਹ ਬਚਨ ਕੀਤਾ ਹੈ—ਲਓ ਭਾਈ ਸਾਰੇ ਹੀ ਧਿਆਨ ਨਾਲ ਸੁਣੋਂ ! ਮਨੁਅ-ਮਾਤ੍ਰ ਧਿਆਨ ਨਾਲ ਸੁਣੋਂ—ਮੈਂ ਸੱਚ ਆਖ ਰਿਹਾ ਹਾਂ, ਅਤੇ ਸੱਚੀ ਗੱਲ ਇਹ ਹੈ ਕਿ ਜਿਸ ਨੇ ਪਰਮ-ਪਿਤਾ ਵਾਹਿਗੁਰੂ ਨਾਲ ਪ੍ਰੇਮ-ਪਿਆਰ ਕੀਤਾ ਹੈ, ਉਸੇ ਨੂੰ ਹੀ ਵਾਹਿਗੁਰੂ-ਪਰਮਾਤਮਾ ਦੀ ਪ੍ਰਾਪਤੀ ਹੋਈ ਹੈ ।

# ਰਾਗ ਭਰਵੀ

ਇਹ ਭੈਰਵੀ ਠਾਠ ਦਾ ਹੀ ਸੰਪੂਰਨ ਰਾਗ ਹੈ ਭਾਵ ਇਸ ਦਾ ਅਰੋਹ–ਅਵਰੋਹ ਸੰਪੂਰਨ ਹੈ। ਭੈਰਵੀ ਉਤਰਾਂਗ ਪ੍ਰਧਾਨ ਰਾਗ ਹੈ। ਮ ਅਤੇ ਪ ਸ਼ੁਧ ਹਨ ਅਤੇ ਬਾਕੀ ਸਭ ਸੁਰ ਕੋਮਲ ਹਨ। ਭੈਰਵੀ ਰਾਗ ਵਿਚ ਵਾਦੀ ਸੁਰ ਸ ਅਤੇ ਸੰਵਦੀ ਮ ਹੈ। ਭੈਰਵੀ ਵਿਚ ਕਈ ਚੰਗੇ ਗਾਇਕ ਬਾਰ੍ਹਾਂ ਦੇ ਬਾਰ੍ਹਾਂ ਸੁਰ ਭੀ ਲਗਾਂਦੇ ਹਨ। ਪਰ ਐਸਾ ਕਰਨ ਲਈ ਬੜੀ ਕੁਸ਼ਲਤਾ ਅਤੇ ਅਭਿਆਸ ਦੀ ਲੋੜ।

ਆਰੋਹ ਅਵਰੋਹ ਸ ਸ ਰ̱ ਗ̱ ਮ ਧ ਧ̱ ਨ̱ ਸ / ਸਂ ਨ̱ ਧ̱ ਪ ਮ ਗ̱ ਰ̱ ਸ

ਸ਼ਬਦ ਰੀਤ ਤਾਲ ਦਾਦਰਾ ਮਾਤ੍ਰੇ 6 ਤਿੰਨ ਤਿੰਨ ਮਾਤ੍ਰਾ ਦੇ ਦੋ ਭਾਗ

| | | | | | | | | | | | |
|---|---|---|---|---|---|---|---|---|---|---|---|
| X | | | 0 | | | X | | | 0 | | |
| ਸ | ਗ̱ | ਰ̱ | ਸ | ਨ̱ | ਨ̱ | ਸ̱ | ਸ਼ | ਸ | ਸ | ਸ | ਰ̱ |
| ਸਾ | ਚ | ਕ | ਹੋਂ | ਸੁ | ਨ | ਲੇ | ਹੋ | ਸ | ਭੈ | ਜਿ | ਨ |
| ਗ̱ | ਮ | ਮ | ਮ | ਮ | ਮ | ਗ̱ | ਮ | ਪ | ਮ | ਗ̱ | ਸ |
| ਪ੍ਰੇ | ਮ | ਕੀ | ਓ | ਤਿ | ਨ | ਹੀ | ਪ੍ਰ | ਭ | ਪਾ | ਯੋ | S |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗ̱ | ਗ̱ | ਮ | ਧ̱ | ਧ̱ | ਨ̱ | ਸਂ | ਸ | ਸਂ | ਰ̱ਂ | ਸਂ | ਸਂ |
| ਕਹਾ | ਭ | ਯੋ | ਜੋ | ਦੋ | ਊ | ਲੋ | ਚ | ਨ | ਮੂੰ | ਦ | ਕੈ |
| ਨ̱ | ਨ̱ | ਨ̱ | ਨ̱ | ਸਂ | ਸਂ | ਨ̱ | ਸਂ | ਨ̱ | ਧ̱ | ਪ | — |
| ਬੈ | ਠ | ਰਹਿ | ਓ | ਬ | ਕ | ਧਿਆ | ਨ | ਲ | ਗਾ | ਯੋ | S |

ਨੋਟ—ਬਾਕੀ ਸ਼ਬਦ ਪੰਗਤੀਆਂ ਭੀ ਅੰਤਰੇ ਹੀ ਲਾਓ।

# ਸਵੱਯਾ ਨੰ: ੧੦

**ਸਬਦ : ਕਾਹੂ ਲੈ ਪਾਹਨ ਪੂਜ ਧਰਿਓ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥**

**ਅਰਥ :** ਕਿਸੇ ਨੇ ਪੱਥਰ ਯਾਨੀ ਸਾਲਗਰਾਮ ਲੈ ਕੇ ਪੂਜਾ ਕੀਤੀ ਅਤੇ ਉਸ ਨੂੰ ਸਿਰ ਤੇ ਰੱਖ ਲਿਆ ਅਤੇ ਕੋਈ ਸ਼ਿਵਲਿੰਗ ਨੂੰ ਗਲੇ ਵਿਚ ਪਾਈ ਫਿਰਦਾ ਹੈ।

**ਸ਼ਬਦ : ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ ॥**

**ਅਰਥ :** ਕੋਈ ਰੱਬ ਨੂੰ ਦੱਖਣ ਦਿਸ਼ਾ ਵਲ ਦਵਾਰਕਾ ਵਿਚ ਹੀ ਸਮਝੀ ਬੈਠਾ ਹੈ ਅਤੇ ਕੋਈ ਪੱਸਚਿਮ ਦਿਸ਼ਾ ਵਲ। ਯਾਨੀ ਕੇਵਲ ਕਾਅਬੇ ਵਿਚ ਹੀ ਰੱਬ ਦਾ ਘਰ ਸਮਝ ਕੇ ਮੱਥਾ ਰਗੜੀ ਜਾ ਰਿਹਾ ਹੈ। ਹਿੰਦੂ ਦਖਣ ਵਲ ਅਤੇ ਮੁਸਲਮਾਨ ਪਸਚਮ ਵਲ। ਜਦ ਕਿ ਰੱਬ ਜ਼ਰਰੇ-ਜ਼ਰਰੇ, ਪੱਤੇ-ਪੱਤ ਵਿਚ ਸਰਬਵਿਆਪਕ ਹੈ। ਐਸੀ ਕੋਈ ਥਾਂ ਹੈ ਹੀ ਨਹੀਂ, ਜਿੱਥੇ ਰੱਬ ਨਹੀਂ ਹੈ।

**ਸ਼ਬਦ : ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**

**ਅਰਥ :** ਗੁਰੂ ਗੋਬਿੰਦ ਸਿੰਘ ਮਹਾਰਾਜ ਫਰਮਾਂਦੇ ਹਨ-ਲੋਕਾਂ ਦੀ ਮੂਰਖਤਾ ਵੇਖੋ। ਕਈ ਮੂਰਖ ਬੁੱਤਾਂ ਨੂੰ ਰੱਬ ਸਮਝ ਕੇ ਪੂਜ ਰਹੇ ਹਨ ਅਤੇ ਕਈ ਮੂਰਖ ਮੁਰਦਿਆਂ ਦੀਆਂ ਕਬਰਾਂ ਨੂੰ ਹੀ ਪੂਜਨ ਲਈ ਭੱਜੇ ਫਿਰਦੇ ਹਨ।

**ਸ਼ਬਦ : ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦ ਨ ਪਾਇਓ ॥੧੦॥**

**ਅਰਥ :** ਦਸਮ ਪਾਤਸ਼ਾਹ ਆਖਦੇ ਹਨ, ਸਾਰਾ ਹੀ ਸੰਸਾਰ ਝੂਠੀਆਂ ਰਸਮਾਂ ਵਿਚ ਫਸਿਆ ਪਿਆ ਹੈ। ਅਸਲ ਵਿਚ ਪਰਮਾਤਮਾ ਦਾ ਭੇਦ ਕਿਸੇ ਨਹੀਂ ਪਾਇਆ।

# ਰਾਗ ਸ਼ਾਮ-ਕੇਦਾਰ

**ਦੋਹਾ : ਦੋ ਮੱਧਮ, ਦੋ 'ਨੀ' ਲਗੇ, ਬਰਜਤ ਨਿਤ ਗੰਧਾਰ ॥**
**ਸਮ ਸੰਵਾਦ ਤੇ ਕਰੋ ਸ਼ਾਮ ਕੇਦਾਰ ॥**

ਇਸ ਰਾਗ ਦੀ ਰਚਨਾ ਪ੍ਰੋ: ਭਾਸਕਰ ਰਾਵ ਸੰਗੀਤ 'ਰਤਨ' ਨੇ ਕੀਤੀ ਹੈ। ਇਹ ਗਵਾਲੀਅਰ ਦਰਬਾਰ ਦੇ ਪ੍ਰਸਿੱਧ ਗਾਇਕ ਸ੍ਰ: ਕ੍ਰਿਸ਼ਨ ਰਾਵ ਜੀ ਦੇ ਸ਼ਾਗਿਰਦ ਸਨ, ਸ਼ਾਮ ਕੇਦਾਰ ਬਹੁਤ ਮਧੁਰ ਰਾਗ ਹੈ। ਇਸ ਰਾਗ ਵਿਚ 'ਗ' ਨੂੰ ਵਰਜਿਤ ਕੀਤਾ ਜਾਂਦਾ ਹੈ ਅਤੇ ਦੋਵੇਂ ਮ, ਦੋਵੇ ਨੀ ਲਏ ਜਾਂਦੇ ਹਨ। ਆਰੋਹ ਵਿਚ ਤੀਬਰ ਮੇਂ ਅਤੇ ਅਵਰੋਹ ਵਿਚ ਸ਼ੁਧ ਲੈਣਾ ਹੈ। ਸ਼ੁਧ ਨੀ ਆਰੋਹ ਅਵਰੋਹ ਦੋਹਾਂ ਵਿਚ ਹੀ ਸਰਲਤਾ ਨਾਲ ਲੈਣੀ ਹੈ ਕੋਮਲ ਨੀ ਧ ਨੁੀ ਪ ਪ, ਵਕ੍ਰ ਕਰ, ਕੇ ਤੇ ਯਾ-ਸਾਂ ਨੁੀ ਧ ਪ, ਅਵਰੋਹ ਸਰਲ ਰੂਪ ਵਿਚ ਭੀ ਲਿਆ ਜਾਂਦਾ ਹੈ। ਇਸ ਰਾਗ ਨੂੰ ਗਾਉਣ ਸਮੇਂ ਬਹੁਤ ਹੀ ਸਾਵਧਾਨੀ ਰਖ ਕੇ ਗਾਉਣਾ ਹੈ। ਇਸ ਦੀ ਜਾਤੀ ਸ਼ਾੜਵ ਅਤੇ ਵਾਦੀ ਮ ਸੰਵਾਦੀ ਸ ਹੈ-ਸਮਾ ਰਾਤ ਦਾ ਪਹਿਰ।

ਆਰੋਹ-ਅਵਰੋਹ-ਸ ਰੇ ਸ ਮ, ਰੇ ਮੇ, ਪ, ਧ ਨੀ ਸਾਂ=ਸਾਂ ਨੁੀ ਧ ਪ, ਧ ਨੁ ਧ ਪ
ਮੇ ਪ, ਮੇ ਪ ਧ ਪ, ਮ,-ਰੇ ਸ

ਸ਼ਬਦ ਰੀਤ ਤਿੰਨ ਤਾਲ ਮਾਤ੍ਰੇ 16 ਚਾਰ ਚਾਰ ਮਾਤ੍ਰਾ ਦੇ ਚਾਰ ਭਾਗ

**ਅਸਥਾਈ**

| 0 | | | | 3 | | | | X | | | | 2 | | | |
|---|---|---|---|---|---|---|---|---|---|---|---|---|---|---|---|
| ਸਂ | ਨੀ | ਧ | ਨੁ | ਧ | ਪ | ਮੇਪ | ਧਪ | ਮ | — | ਧਪ | ਮ | ਰੇ | ਰੇ | ਸ | — |
| ਸ੍ਰੀ | ਙ | ਭ | ਗ | ਵਾ | ਙ | ਨਙ | ਕੋਙ | ਭੇ | ਙ | ਦਙ | ਨ | ਪਾ | ਇ | ਓ | ਙ |
| ਸ | — | ਮ | ਰੇ | ਮੇਂ | — | ਪ | ਪ | ਧ | ਨੁੀ | ਧ | ਪ | ਮ | ਰੇ | ਪ | ਪ |
| ਕੂ | ਙ | ਰ | ਕ੍ਰਿ | ਆ | ਙ | ਊ | ਰ | ਝਿ | ਓ | ਸ | ਭ | ਹੀ | ਙ | ਜ | ਗ |

**ਅੰਤਰਾ**

| 0 | | | | 3 | | | | X | | | | 2 | | | |
|---|---|---|---|---|---|---|---|---|---|---|---|---|---|---|---|
| ਪ | — | ਪ | ਪ | ਨੀ | ਧ | ਨੀ | ਨੀ | ਸਂ | — | ਸਂ | ਸਂ | ਨੀ | ਰੇਂ | ਸਂ | ਸਂ |
| ਕਾ | ਙ | ਹੂ | ਲੈ | ਪਾ | ਙ | ਹਿ | ਨ | ਪੂ | ਙ | ਜ | ਧ | ਰਿ | ਓ | ਸਿ | ਰ |
| ਸਂ | — | ਸਂ | ਨੀ | ਧ | ਨੀ | ਸਂ | ਰੇਂ | ਨੀ | — | ਨੀ | ਸਂ | ਧ | ਨੁੀ | ਧ | ਪ |
| ਕਾ | ਙ | ਹੂ | ਲੈ | ਲਿੰ | ਙ | ਗ | ਗ | ਰੇ | ਙ | ਲ | ਟ | ਕਾ | ਙ | ਇ | ਓ |

ਨੋਟ : ਬਾਕੀ ਸ਼ਬਦ ਪੰਗਤੀਆਂ ਅੰਤਰੇ ਗਾਓ।

ਧੰਨਵਾਦ ਸਹਿਤ ਗਿ. ਲਾਲ ਸਿੰਘ
ਸ਼ਗ੍ਰਿਦ ਗਿ. ਹਰਦਿੱਤ ਸਿੰਘ